# ਅੰਮ੍ਰਿਤ ਕੀਰਤਨ

੧ ਓ ਸਤਿ ਗੁਰੂ ਪ੍ਰਸਾਦਿ ॥

## ਰਾਗ ਪ੍ਰੀਖ੍ਯਾ

ਅਰਥਾਤ

ਰਾਗ ਵਿੱਦਯਾ ਕੇ ਮੁਤੱਲਕ (੫੬) ਪ੍ਰਸ਼ਨ

ਜਿਸ ਕੋ

ਭਾਈ। ਸਾਹਿਬ ਸਿੰਘ ਨਾਭਾ ਨਿਵਾਸੀ

ਨੇ

ਛਪਵਾ ਕਰ ਉੱਤ੍ਰ ਕੇ ਲੀਏ ਵਿਦ੍ਵਾਨੋਂ

ਕੀ ਸੇਵਾ ਮੇਂ ਸਮਰਪਨ ਕੀਆ

ਦੁਰਗਾ ਪ੍ਰੇਸ ਰਯਾਸਤ ਨਾਭਾ ਮੇਂ

ਭਾਈ ਪ੍ਰੇਮ ਸਿੰਘ

ਮਾਲਕ ਮਤਬਾ ਕੇ ਅਧਿਕਾਰ ਸੇ ਛਪਾ ॥

੧੯ ਜੌਲਾਈ ਸੰਨ ਈ: ੧੯੦੮

ਮੁਤਾਬਕ ੪ ਸਾਵਨ ੧੯੬੫

ਭਾਈ ਸਾਹਿਬ ਸਿੰਘ ਨਾਭਾ ਨਿਵਾਸੀ ਲਿਖਤ ਪੁਸਤਕ ਅੱਜ ਤੋਂ 91 ਸਾਲ ਪਹਿਲਾਂ ਜੁਲਾਈ 1908 ਵਿਚ ਛਪੀ ਸੀ। ਪ੍ਰੋ. ਪਿਆਰਾ ਸਿੰਘ 'ਪਦਮ' ਜੀ ਦੇ ਸਹਿਯੋਗ ਨਾਲ ਇਸ ਅੰਕ ਦੇ ਪੰਨਾ 6 ਤੇ ਵਿਦਵਾਨ ਪਾਠਕਾਂ ਲਈ ਪ੍ਰਕਾਸ਼ਤ ਕੀਤੀ ਜਾ ਰਹੀ ਹੈ।

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ • ਅਗਸਤ 1999 • ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ


ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 8 ◆ ਸਾਲ ਗਿਆਰਵਾਂ ◆ ਅਗਸਤ 1999



ਆਨਰੇਰੀ ਸੰਪਾਦਕ

**ਡਾ. ਜਾਗੀਰ ਸਿੰਘ**

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)

ਪੀ.ਐਚ.ਡੀ.

ਕਾਰਜਕਾਰੀ ਸੰਪਾਦਕ

**ਡਾ. ਤ੍ਰਿਲੋਚਨ ਸਿੰਘ ਤਰਸੀ**

ਸਹਿਯੋਗੀ

**ਸ. ਹਰਭਜਨ ਸਿੰਘ ਚੋਪੜਾ**

**ਸ. ਜੋਤਿੰਦਰ ਸਿੰਘ ਸੋਹਲ**

**ਡਾ. ਕਰਨੈਲ ਸਿੰਘ ਸੋਮਲ**

**ਸ. ਉੱਤਮ ਸਿੰਘ**

**ਪ੍ਰੋ. ਸਤਵਿੰਦਰ ਸਿੰਘ**

ਚਿੱਤਰਕਾਰ

**ਗੁਰਦੀਪ ਸਿੰਘ ਦੀਪ**

ਲੇ ਆਊਟ

**ਸੋਹਲ ਸਪੈਸ਼ਲਸ**

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)

1051, ਸੈਕਟਰ 27-ਬੀ, ਚੰਡੀਗੜ੍ਹ

ਫੋਨ : 650696



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

422, ਸੈਕਟਰ 15-ਏ, ਚੰਡੀਗੜ੍ਹ - 160 015

ਫੋਨ: 0172 - 772660

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐਸ ਸੀ ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਪੰਜਾਬ ਕਲਾ ਤੇ ਸਭਿਆਚਾਰ ■ ਡਾ. ਜਾਗੀਰ ਸਿੰਘ

6 ਰਾਗ ਪ੍ਰੀਖ੍ਯਾ ■ ਭਾਈ ਸਾਹਿਬ ਸਿੰਘ ਨਾਭਾ ਨਿਵਾਸੀ

10 ਹਰਿਮੰਦਰ ਸਾਹਿਬ ਵਿਚ ਪ੍ਰਭੂ ਦੇ ਪਿਆਰ ਦਾ ਇਕ ਅਨੋਖਾ ਨਜ਼ਾਰਾ ■ ਬੇਖਰੀਦ ਗੁਲਾਮ

12 ਗੁਰਬਾਣੀ ਵਿਚ ਨਿਮਰਤਾ ਦਾ ਸੰਕਲਪ ■ ਡਾ. ਮੇਵਾ ਸਿੰਘ ਸਿੱਧੂ

15 ਗੁਰ ਸਬਦੀ ਸੁਖ ਹੋਇ ■ ਰਮੇਸ਼ ਸਿੰਘ

18 ਪੁਸਤਕ ਸਮੀਖਿਆ ■ ਡਾ. ਗੁਰਮੀਤ ਸਿੰਘ ਬੈਦਵਾਣ ■ ਜਸਬੀਰ ਸਿੰਘ ਸਰਨਾ ■ ਪਿਆਰਾ ਸਿੰਘ ਪਦਮ

22 ਵੈਦ ਭਾਈ ਹਰਬੰਸ ਸਿੰਘ 'ਹੰਸ' ■ ਭਾਈ ਦਰਸ਼ਨ ਸਿੰਘ

24 ਬਾਬਾ ਬੁੱਢਾ ਜੀ ■ ਪ੍ਰੋ. ਕਰਤਾਰ ਸਿੰਘ

26 ਪੰਜਾਬ ਦੇ ਲੋਕ ਸਾਜ ■ ਅਨਿਲ ਨਰੂਲਾ

28 ਕੈਸਟ ਰੀਵੀਊ ■ ਡਾ. ਗੁਰਮੀਤ ਸਿੰਘ ਬੈਦਵਾਣ

29 ਸਮਾਚਾਰ

31 Music as a attractive hobby ■ Avat Singh

33 I played Rabab in Harmandir Sahib ■ Muni Singh

34 ਨੋਟੇਸ਼ਨ ਵਾਲੇ ਸ਼ਬਦ ਦੇ ਅਰਥ ■ ਮਨਮੋਹਨ ਸਿੰਘ

35 ਸੁਰ ਲਿਪੀ ■ ਭਾ: ਰਣਜੀਤ ਸਿੰਘ ਕਲੌੜ

36 ਗੁਰਮੁਖ ਢੂਂਢ ਢੂੰਢੇਦਿਆਂ (Free Matrimonial Service)



## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ ਮਾਸਿਕ 'ਅੰਮ੍ਰਿਤ ਕੀਰਤਨ' ਪੰਜਾਬੀ ਪੱਤਰਕਾਰੀ ਵਿਚ ਇਕ ਨਿਵੇਕਲਾ ਤੇ ਵਿਲੱਖਣ ਸਥਾਨ ਰੱਖਦਾ ਹੈ। ਇਸ ਰਾਹੀਂ ਗੁਰਬਾਣੀ ਦੇ ਵੱਖੋ ਵੱਖ ਪਹਿਲੂਆਂ ਤੇ ਚੋਖੀ ਤੇ ਗਿਆਨ-ਭਰਪੂਰ ਜਾਣਕਾਰੀ ਉਪਲੱਭਦ ਹੁੰਦੀ ਹੈ। 'ਮਿਤਰ ਅਸਾਡੜੇ ਸੇਈ' ਸਿਰਲੇਖ ਹੇਠ ਪਾਠਕਾਂ ਵਲੋਂ ਭੇਜੇ ਪੱਤਰ ਬਹੁਤ ਦਿਲਚਸਪ ਤੇ ਪੜ੍ਹਨ ਯੋਗ ਹੁੰਦੇ ਹਨ। ਜੂਨ ਅੰਕ ਵਿਚ 'ਕੁਝ ਮਹੱਮਵਪੂਰਨ ਕਥਨ' ਸਿਰਲੇਖ ਹੇਠ ਦਿੱਤੇ ਅੰਗਰੇਜ਼ੀ ਦੇ ਕਥਨ (Quotable Quotes) ਬਹੁਤ ਮਨ ਭਾਉਂਦੇ ਤੇ ਜੀਵਨ ਨੂੰ ਸਹੀ ਸੇਧ ਦੇਣ ਵਾਲੇ ਵਿਦਵਤਾ ਭਰਪੂਰ ਵਿਚਾਰ ਹਨ। ਜਪੁਜੀ ਸਾਹਿਬ ਬਾਰੇ ਪ੍ਰੋ: ਸੁਖਚੈਨ ਸਿੰਘ ਜੀ ਦਾ ਲੇਖ ਸਲਾਹਣ ਯੋਗ ਹੈ। ਵਾਹਿਗੁਰੂ ਤੁਹਾਨੂੰ ਵਧੇਰੇ ਬਲ ਸਮਰਿਧੀ ਤੇ ਉਦਮ ਬਖਸ਼ੇ ਤਾਂਕਿ ਇਸ ਢੰਗ ਨਾਲ ਤੁਸੀਂ ਗੁਰੂ ਦੇ ਸ਼ਬਦ ਤੇ ਉਪਦੇਸ਼ ਨੂੰ ਸੁਚੱਜੇ ਤਰੀਕੇ ਨਾਲ ਵਧੇਰੇ ਪਾਠਕਾਂ ਤਾਈਂ ਪੁਚਾ ਸਕੋ।

*ਸੁਰਜੀਤ ਸਿੰਘ ਮਿਨਹਾਸ,*
*ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ*

★ 'ਅੰਮ੍ਰਿਤ ਕੀਰਤਨ' ਦਾ ਮਿਆਰ ਦਿਨੋ ਦਿਨ ਵਧ ਰਿਹਾ ਹੈ। ਬੜੇ ਚੰਗੇ ਲੇਖ ਹੁੰਦੇ ਹਨ। ਪਿਛਲੇ ਅੰਕ ਵਿੱਚ ਸ੍ਰ. ਰਮੇਸ਼ ਸਿੰਘ ਹੋਰਾਂ ਦਾ ਲੇਖ 'ਧੰਨੁ ਧੰਨੁ ਸਤਿਸੰਗੁ ਜਿਤ ਹਰਿਰਸ ਪਾਇਆ' ਬੜਾ ਚੰਗਾ ਲੱਗਾ। ਲੇਖਕਾਂ ਦੇ ਐਡਰੈਸ ਛਾਪ ਕੇ ਵੀ ਤੁਸੀਂ ਚੰਗਾ ਕਰਦੇ ਹੋ। ਇਸ ਸਦਕਾ ਲੇਖਕਾਂ ਨਾਲ ਪਾਠਕ ਸਿੱਧਾ ਸੰਪਰਕ ਵੀ ਕਰ ਸਕਦਾ ਹੈ।

*ਗੁਰਮੁਖ ਸਿੰਘ ਕੋਹਲੀ/ ਕੁਵੈਂਟਰੀ ਯੂ.ਕੇ.*

★ 'ਅੰਮ੍ਰਿਤ ਕੀਰਤਨ' ਤਰੱਕੀ ਦੀਆਂ ਸਿਖਰਾਂ ਵੱਲ ਜਾ ਰਿਹਾ ਹੈ ਬੜੇ ਚੰਗੇ ਖੋਜ ਭਰਪੂਰ ਲੇਖ ਛਾਪਦੇ ਹੋ। ਪੜ੍ਹ ਕੇ ਬੜੀ ਪ੍ਰਸੰਨਤਾ ਹੁੰਦੀ ਹੈ।

*ਉਸਤਾਦ ਸੁਰਜੀਤ ਸਿੰਘ/*
*ਅਕਾਲ ਗੁਰਮਤਿ ਸੰਗੀਤ ਵਿਦਿਆਲਾ, ਚੀਮਾਂ ਸਾਹਿਬ*

★ ਆਪ ਜੀ ਦੀ ਘਾਲਣਾ ਸਦਕਾ ਪਰਚਾ 'ਅੰਮ੍ਰਿਤ ਕੀਰਤਨ' ਵਾਹਵਾ ਨਿਖਾਰ 'ਤੇ ਆ ਗਿਆ ਹੈ। ਮੈਨੂੰ ਏਸ ਦੇ ਕਦਮਾਂ ਵਿੱਚ ਪੈਰ-ਪੈਰ ਤੇ ਪਏ ਵਾਧੇ ਨਾਲ ਹੋ ਕੇ ਟੁਰਨ ਦਾ ਸੁਭਾਗ ਆਪ ਹੀ ਫਰਾਖਦਿਲੀ ਕਾਰਨ ਪ੍ਰਾਪਤ ਹੋਇਆ ਹੈ। ਵਾਹਿਗੁਰੂ ਦੀ ਅਸੀਮ-ਕਿਰਪਾ ਹੈ। ਆਪ ਜੀ ਦੇ ਸ਼ਲਾਘਾਯੋਗ ਉੱਦਮ ਉੱਤੇ ਅਤੇ ਇਸ ਕਾਰਜ ਵਿੱਚ ਆਪ ਜੀ ਦੇ ਸਹਿਯੋਗੀ ਪਰਿਵਾਰ ਉੱਤੇ, ਜਿਸ ਦੀ ਬਦੌਲਤ ਇਹ ਪ੍ਰਮੁੱਖ ਪੰਜਾਬੀ ਪਰਚਿਆਂ ਵਿਚੋਂ ਨਿਵੇਕਲੀ ਹੋਂਦ ਵਾਲਾ ਪਰਚਾ ਅੱਜ ਐਨਾ ਨਿੱਗਰ ਹੋ ਉਠਿਆ ਹੈ। ਅਰਦਾਸ ਕਰਦੇ ਹਾਂ ਕਿ ਆਪ ਜੀ ਅਤੇ ਬਾਕੀ ਸੰਪਾਦਕੀ ਸਹਿਯੋਗੀਆਂ ਦੀ ਵਾਹਿਗੁਰੂ ਆਪ ਰਾਖੀ ਕਰਨ।

*ਡਾ. ਸੁਰਜੀਤ ਸਿੰਘ ਕੁੰਜਾਹੀ/ ਫਰੀਦਾਬਾਦ*

★ ਜੁਲਾਈ ਅੰਕ ਵਿੱਚ ਉਸਤਾਦ ਸੁਰਜੀਤ ਸਿੰਘ ਜੀ ਕ੍ਰਿਤ 31 ਰਾਗਾਂ ਦਾ ਗੁਲਦਸਤਾ ਪੜ੍ਹਿਆ। ਮੇਰਾ ਜੀਅ ਕਰਦੈ ਇਸ ਦੀ ਭੂਮਿਕਾ ਇਸ ਤਰ੍ਹਾਂ ਹੁੰਦੀ।

ਨਾਰਦ ਮੁਨੀ ਜੀ ਨੇ ਦੇਵ ਲੋਕ ਜਾ ਖਬਰ ਫੈਲਾਈ, ਨਿੱਕਲੋ ਬਈ ਬਾਹਰ ਦੇਵੀ, ਦੇਵਤਾਓ! ਰਾਗਣੀਓ, ਰਾਗ ਜਨੋਂ! ਤੁਹਾਡੇ ਲਈ ਖੁਸ਼ਖਬਰੀ! ਕਲਜੁਗ ਦੇ ਅਵਤਾਰ ਪ੍ਰਗਟ ਹੋ ਚੁੱਕੇ ਹਨ। ਦਸਾਂ ਗੁਰੂ ਸਾਹਿਬਾਨਾਂ ਨੇ ਸੰਸਾਰ ਸਮੁੰਦਰ ਵਿੱਚ ਚੰਗਿਆਈਆਂ-ਬੁਰਿਆਈਆਂ ਦਾ ਰਿੜਕਾ ਮਾਰ ਕੇ ਅੰਮ੍ਰਿਤ ਤਿਆਰ ਕੀਤਾ ਹੈ.......

*ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*

ਇਸ ਅੰਮ੍ਰਿਤ ਦੇ ਕੁੰਡ (ਸਰੋਵਰ) ਨੂੰ ਤਿਆਰ ਕਰਨ ਲਈ ਬੁਰਿਆਂ-ਅਨੁਆਈਆਂ (ਬੁਰਿਆਈਆਂ) ਨਾਲ ਬਹੁਤ ਜੰਗ ਹੋਏ। ਬਹੁਤ ਖੂਨ ਡੁੱਲਿਆ ਤਾਂ ਕਿਤੇ ਜਾ ਕੇ ਸ਼੍ਰਿਸ਼ਟੀ ਤੇ ਖਾਲਸਾ ਰਾਜ ਦਾ ਝੰਡਾ ਝੁੱਲਿਆ ਹੈ। ਹਾਂ ਸੱਚ! ਮੈਂ ਕਹਿ ਰਿਹਾ ਸੀ, ਤੁਹਾਡੇ ਲਈ ਖੁਸ਼ਖਬਰੀ।

ਤੁਸੀਂ 31 ਦੇ 31 ਧਰਤੀ ਤੇ ਜਾਉ ਅਤੇ ਆਪਣੇ ਆਪਣੇ ਅੰਦਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣ ਗਾਉ। ਸੋ, ਇਸ ਤਰ੍ਹਾਂ ਸਾਰੇ ਦੇਵਤਾ ਲੋਗ ਵਾਰੀ ਵਾਰੀ ਗਾਉਣ ਲੱਗੇ।

*ਸ੍ਰੀ ਰਾਗ ਹਰਿ ਕੇ ਗੁਣ ਗਾਏ.....*

ਦਾਸ ਵੱਲੋਂ ਉਸਤਾਦ ਜੀ ਨੂੰ ਬਹੁਤ ਬਹੁਤ ਵਧਾਈਆਂ।

*ਮਹਿੰਦਰ ਸਿੰਘ 'ਮਾਣਿਕ'/ ਚੰਡੀਗੜ੍ਹ*


**ਆਪਣੇ ਸਨੇਹੀ ਨੂੰ ਅੰਮ੍ਰਿਤ ਕੀਰਤਨ ਤੋਹਫੇ ਵਜੋਂ ਭੇਟ ਕਰੋ।**

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

ਅੰਮ੍ਰਿਤ ਕੀਰਤਨ ਟਰਸਟ,
422, ਸੈਕਟਰ 15-ਏ, ਚੰਡੀਗੜ੍ਹ

# ਕਰਉ ਬੇਨੰਤੀਆ

## ਸਜਣ ਚਲੇ ਪਿਆਰਿਆ

*ਸਜਣ ਚਲੇ ਪਿਆਰਿਆ ਕਿਉਂ ਮੇਲਾ ਹੋਈ।*
*ਜੇ ਗੁਣ ਹੋਵਣ ਗੰਠੜੀਏ ਮੇਲੇਗਾ ਸੋਈ।*

ਉਪਰੋਕਤ ਤੁਕਾਂ ਵਾਲਾ ਸ਼ਬਦ ਮੈਂ ਅਨੇਕਾਂ ਵਾਰੀ ਕੀਰਤਨ ਵਿੱਚ ਗਾਇਆ ਹੈ। ਵੱਖ ਵੱਖ ਸਥਿਤੀਆਂ ਵਿੱਚ ਇਸ ਦੇ ਵੱਖ ਵੱਖ ਅਰਥਾਂ ਦੇ ਝਲਕਾਰੇ ਵਜੇ ਹਨ। ਪਿੱਛੇ ਜਿਹੇ ਸਾਡੇ ਪਿਆਰੇ ਸੁਹਿਰਦ ਬਜ਼ੁਰਗ ਮੇਜਰ ਆਗਿਆਪਾਲ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਮੁੜ ਇਹ ਤੁਕਾਂ ਯਾਦ ਆਈਆਂ। ਮੇਜਰ ਸਾਹਿਬ ਨੂੰ ਹਰ ਕੋਈ ਆਪਣੇ ਪਿਆਰ ਅਤੇ ਲਗਾਓ ਕਾਰਨ ਯਾਦ ਕਰ ਰਿਹਾ ਹੈ। ਹਰ ਇੱਕ ਨੂੰ ਲਗਦਾ ਹੈ ਕਿ ਉਹ ਉਸ ਨੂੰ ਸਭ ਤੋਂ ਵਧ ਪਿਆਰ ਕਰਦੇ ਸਨ। ਮੈਨੂੰ ਵੀ ਇੰਜ ਹੀ ਜਾਪ ਰਿਹਾ ਹੈ।'

ਮੇਜਰ ਸਾਹਿਬ ਨਾਲ ਮੇਰਾ ਮੇਲ ਪਹਿਲੀ ਵਾਰੀ 1976 ਵਿੱਚ ਹੋਇਆ। ਅਸੀਂ 35 ਸੈਕਟਰ ਕਿਸੇ ਘਰੋਂ ਕੀਰਤਨ ਕਰਕੇ ਨਿਕਲੇ ਤਾਂ ਮੇਜਰ ਸਾਹਿਬ ਆਪਣੀ ਪਤਨੀ ਸਮੇਤ ਕਾਰ ਵਿੱਚ ਬੈਠ ਕੇ ਆਪਣੇ ਘਰ ਜਾ ਰਹੇ ਸਨ। ਉਹਨਾਂ ਨੇ ਆਪਣੀ ਕਾਰ ਵਿੱਚ ਲਿਫਟ ਦਿੱਤੀ। ਮੇਰੇ ਬਾਰੇ ਪੁੱਛਿਆ ਅਤੇ ਆਪਣੇ ਬਾਰੇ ਦੱਸਿਆ। ਉਹਨਾਂ ਦੇ ਮੂੰਹ ਉਤੇ ਬਾਰ-ਬਾਰ ਆਪਣੇ ਪਿਤਾ ਭਾਈ ਹੀਰਾ ਸਿੰਘ ਹੋਰਾਂ ਦਾ ਨਾਮ ਆਉਂਦਾ ਸੀ। ਮੈਨੂੰ ਉਹਨੀਂ ਦਿਨੀ ਭਾਈ ਹੀਰਾ ਸਿੰਘ ਜੀ ਬਾਰੇ ਇੰਨੀ ਵਾਕਫੀਅਤ ਨਹੀਂ ਸੀ। ਭਾਈ ਸਾਹਿਬ ਦੀ ਬਰਸੀ ਮੇਜਰ ਸਾਹਿਬ ਬੜੇ ਪਿਆਰ ਸਤਿਕਾਰ ਨਾਲ ਮਨਾਇਆ ਕਰਦੇ ਸਨ। ਉਸ ਸਾਲ ਉਹ ਬਰਸੀ ਅੰਬਾਲੇ ਛਾਉਣੀ ਖਾਲਸਾ ਹਾਈ ਸਕੂਲ ਵਿੱਚ ਮਨਾ ਰਹੇ ਸਨ। ਉਹ ਮੇਰੇ ਰਾਗੀ ਜਥੇ ਨੂੰ ਆਪਣੇ ਨਾਲ ਲੈ ਗਏ। ਉਥੇ ਕੀਰਤਨ ਕਰਨ ਦਾ ਮੌਕਾ ਦਿੱਤਾ ਅਤੇ ਬੜਾ ਪਿਆਰ ਕੀਤਾ। ਉਸ ਤੋਂ ਬਾਦ ਉਹ ਆਨੇ-ਬਹਾਨੇ ਮੈਨੂੰ ਆਪਣੇ ਕੋਲ ਬੁਲਾਉਂਦੇ ਰਹਿੰਦੇ ਸਨ। ਬਹੁਤੀ ਵਾਰੀ ਉਹ ਭਾਈ ਹੀਰਾ ਸਿੰਘ ਹੋਰਾਂ ਦੀਆਂ ਗੱਲਾਂ ਸੁਣਾਉਂਦੇ ਅਤੇ ਨਵੇਂ ਨਵੇਂ ਪ੍ਰਾਜੈਕਟਾਂ ਬਾਰੇ ਮੇਰੇ ਕੋਲੋਂ ਸਲਾਹ ਲੈਂਦੇ। ਉਹਨਾਂ ਨੇ ਮੈਨੂੰ ਅਨੇਕਾਂ ਵਿਅਕਤੀਆਂ ਅਤੇ ਸੰਸਥਾਵਾਂ ਪਾਸੋਂ ਮਾਣ-ਸਨਮਾਨ ਲੈਣ ਦੇ ਕਾਬਲ ਬਣਾਇਆ।

ਮੈਂ ਆਪਣੇ ਰੁਝੇਵੇਂ ਕੇਵਲ ਪੜ੍ਹਨ-ਲਿਖਣ ਅਤੇ ਪਰਿਵਾਰ ਵੱਲ ਰੱਖਣਾ ਚਾਹੁੰਦਾ ਸੀ। ਪਰ ਉਹਨਾਂ ਦੀ ਪਿਆਰ ਭਰੀ ਮਿਕਨਾਤੀ ਸੀ ਗਲਬਾਤ ਜਿਵੇਂ ਮੈਨੂੰ ਕੁਝ ਨਾ ਕੁਝ ਹੋਰ ਕਰਨ ਤੇ ਮਜ਼ਬੂਰ ਕਰ ਦਿੰਦੀ ਸੀ। ਅਨੇਕਾਂ ਸਿੱਖ-ਸੰਸਥਾਵਾਂ ਨਾਲ ਉਹਨਾਂ ਦਾ ਸੰਪਰਕ ਰਹਿੰਦਾ ਸੀ। ਚੀਫ ਖਾਲਸਾ ਦੀਵਾਨ, ਸਿੰਘ ਸਭਾ ਸ਼ਤਾਬਦੀ ਕਮੇਟੀ, ਭਾਈ ਵੀਰ ਸਿੰਘ ਸਟੱਡੀ ਸਰਕਲ, ਗੁਰਮਤਿ ਪ੍ਰਸਾਰ ਸੋਸਾਇਟੀ ਆਦਿ। ਇਹਨਾਂ ਸੰਸਥਾਵਾਂ ਨੂੰ ਉਹ ਨਵੇਂ ਨਵੇਂ ਪ੍ਰਾਜੈਕਟ ਸ਼ੁਰੂ ਕਰਨ ਲਈ ਮਾਇਆ ਦਿੰਦੇ। ਫਿਰ ਸੰਸਥਾਵਾਂ ਪਾਸੋਂ ਪ੍ਰਾਜੈਕਟਾਂ ਬਾਰੇ ਪੁੱਛਦੇ ਰਹਿੰਦੇ। ਇਸ ਕਰਕੇ ਇਹ ਸੰਸਥਾਵਾਂ ਕੁਝ ਸਾਰਥਕ ਕੰਮ ਕਰਦੀਆਂ ਰਹਿੰਦੀਆਂ। ਸੰਸਥਾਵਾਂ ਦੇ ਪ੍ਰਬੰਧਕਾਂ ਦੀ ਸੁਸਤੀ ਕਾਰਨ ਉਹ ਦੁਖੀ ਵੀ ਹੁੰਦੇ ਸਨ। ਕਈ ਵਾਰ ਤਕਰਾਰ ਵੀ ਹੁੰਦੀ ਸੀ ਪਰ ਉਹਨਾਂ ਦੀ ਲਗਨ ਹਮੇਸ਼ਾਂ ਕੁਝ ਚੰਗਾ ਕਰਨ ਦੀ ਹੁੰਦੀ ਸੀ। ਕੀਰਤਨ ਦੇ ਪ੍ਰਾਜੈਕਟਾਂ ਬਾਰੇ ਉਹ ਬਹੁਤ ਰੁਚੀ ਰਖਦੇ ਸਨ। ਅਜੋਕੇ ਵਪਾਰਕ ਬਿਰਤੀ ਵਾਲੇ ਕੀਰਤਨੀਆਂ ਤੋਂ ਉਹ ਕਾਫੀ ਚਿੰਤਤ ਸਨ। ਚੀਫ ਖਾਲਸਾ ਦੀਵਾਨ ਵੱਲੋਂ ਗੁਰਬਾਣੀ ਕੀਰਤਨ ਸਬੰਧੀ ਚਲਾਏ ਪ੍ਰਾਜੈਕਟਾਂ ਵਿੱਚ ਉਹ ਬਹੁਤ ਸਹਾਇਤਾ ਦਿੰਦੇ ਸਨ।

ਕੀਰਤਨ ਸਿਖਲਾਈ ਲਈ ਹਮੇਸ਼ਾ ਜਤਨਸ਼ੀਲ ਰਹੇ। ਕਲਕੱਤੇ ਵਿਖੇ ਗੁਰਬਾਣੀ ਸੰਗੀਤ ਅਕੈਡਮੀ, ਚੰਡੀਗੜ੍ਹ ਵਿੱਚ ਗੁਰੂ ਨਾਨਕ ਬਾਲ ਆਸ਼ਰਮ ਅਤੇ ਚੀਫ ਖਾਲਸਾ ਦੀਵਾਨ ਵਿੱਚ ਯਤੀਮਖਾਨੇ ਵਿੱਚ ਉਹਨਾਂ ਦੇ ਉਦਮ ਸਦਕਾ ਕੀਰਤਨ ਕਲਾਸਾਂ ਅਜੇ ਵੀ ਚਲ ਰਹੀਆਂ ਹਨ।

ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਅਤੇ ਮੈਗਜੀਨ 'ਅੰਮ੍ਰਿਤ ਕੀਰਤਨ' ਨੂੰ ਉਹਨਾਂ ਦੀ ਸਰਪ੍ਰਸਤੀ ਹਾਸਲ ਰਹੀ ਹੈ। ਇਹਨਾਂ ਕੰਮਾਂ ਵਿੱਚ ਉਹ ਆਪਣਾ ਨਾਮ ਅੱਗੇ ਨਹੀਂ ਸਨ ਲਿਆਉਂਦੇ ਸਗੋਂ ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ ਦੇ ਨਾਮ ਹੇਠ ਹੀ ਸਭ ਕੰਮ ਕਰਦੇ ਸਨ।

ਕੀਰਤਨੀਏ ਦਾ ਰਹਿਣ-ਸਹਿਣ ਕਿਹੋ ਜਿਹਾ ਹੋਵੇ? ਇਸ ਵਿਸ਼ੇ ਤੇ ਉਹ ਅਕਸਰ ਗੱਲਬਾਤ ਕਰਦੇ ਸਨ। ਉਹਨਾਂ ਦੀਆਂ ਸਿਖਿਆਵਾਂ ਮੈਨੂੰ ਸਦਾ ਪ੍ਰੇਰਨਾ ਦਿੰਦੀਆਂ ਰਹਿੰਦੀਆਂ ਹਨ। ਉਹਨਾਂ ਦੀ ਪਾਰਸਾਈ ਸ਼ਖਸੀਅਤ ਦੇ ਪ੍ਰਭਾਵ ਕਾਰਨ ਅਨੇਕਾਂ ਵਿਅਕਤੀ ਅਤੇ ਸੰਸਥਾਵਾਂ ਕੁਝ ਸਾਰਥਕ ਕਰਨ ਦੇ ਜਤਨ ਕਰ ਰਹੀਆਂ ਹਨ।

ਉਹਨਾਂ ਨੂੰ ਸੱਚੀ ਸ਼ਰਧਾਜਲੀ ਇਹੀ ਹੋ ਸਕਦੀ ਹੈ ਕਿ ਅਸੀਂ ਆਪਣੇ ਵਿੱਚ ਉਹਨਾਂ ਜਿਹੇ ਗੁਣ ਪੈਦਾ ਕਰੀਏ।

# ਪੰਜਾਬ ਕਲਾ ਤੇ ਸਭਿਆਚਾਰ

ਡਾ. ਜਾਗੀਰ ਸਿੰਘ *

ਭਾਰਤ ਇਸ ਵੇਲੇ ਸਭਿਆਚਾਰ ਜੁਗ-ਗਰਦੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਸੰਸਾਰ ਦੇ ਵਿਕਸਿਤ ਦੇਸ਼ਾਂ ਦੀਆਂ ਸਨਅਤਾਂ ਇੱਥੇ ਆਰਥਿਕ ਖੁਸ਼ਹਾਲੀ ਦੀ ਆਸ ਤਾਂ ਜਗਾ ਰਹੀਆਂ ਹਨ ਪਰ ਨਾਲ ਹੀ ਇਸ ਰਾਹੀਂ ਸਨਅਤੀ ਪ੍ਰਦੂਸ਼ਣ ਨਾਲ ਸਾਡਾ ਸਭਿਆਚਾਰ ਧੁਆਂਖੇ ਜਾਣ ਦਾ ਖਤਰਾ ਵੀ ਪੈਦਾ ਹੋ ਗਿਆ ਹੈ। ਪੰਜਾਬ ਵਿੱਚ ਇਹ ਖਤਰਾ ਤੇਜ਼ੀ ਨਾਲ ਵਧ ਰਿਹਾ ਹੈ। ਪੰਜਾਬੀਆਂ ਵਿੱਚ ਤਰੱਕੀ ਵੱਲ ਜਾਣ ਦਾ ਚਾਅ ਵਧੇਰੇ ਹੈ। ਕਈ ਵਾਰ ਇਹ ਤਰੱਕੀ ਦੀ ਆਸ ਵਿੱਚ ਪੰਜਾਬ ਤੋਂ ਬਾਹਰ ਵੀ ਨਿਕਲ ਜਾਂਦੇ ਹਨ। ਜਦੋਂ ਪੰਜਾਬ ਵਿੱਚ ਹੀ ਕਿਸੇ ਖੇਤਰ ਵਿੱਚ ਉਹਨਾਂ ਨੂੰ ਤਰੱਕੀ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ ਤਾਂ ਉਹ ਅੰਨ੍ਹੇ ਉਤਸ਼ਾਹ ਨਾਲ ਉਸ ਖੇਤਰ ਵਿੱਚ ਜੁੱਟ ਜਾਂਦੇ ਹਨ।

ਹੁਣ ਜਦੋਂ ਡਿਸ਼ ਐਂਟੀਨਾ ਨੇ ਅਮਰੀਕਾ, ਜਪਾਨ ਆਦਿ ਵਿਕਸਤ ਦੇਸ਼ਾਂ ਦੀਆਂ ਪ੍ਰਾਪਤੀਆਂ ਨੂੰ ਪੰਜਾਬੀਆਂ ਦੀਆਂ ਅੱਖਾਂ ਸਾਹਮਣੇ ਲਿਆ ਖੜ੍ਹਾ ਕੀਤਾ ਹੈ, ਉਸ ਦੀਆਂ ਅੱਖਾਂ ਚੁੰਧਿਆ ਜਾਣ ਦਾ ਖਤਰਾ ਹੈ। ਇਹ ਵੀ ਡਰ ਹੈ ਕਿ ਉਹ ਇਹਨਾਂ ਪਲਾਸਟਿਕ ਪ੍ਰਾਪਤੀਆਂ ਨੂੰ ਹੀ ਆਪਣਾ ਅੰਤਮ ਜੀਵਨ-ਲਕਸ਼ ਨਾ ਮਿਥ ਲੈਣ।

ਇਹ ਗੱਲ ਪੱਕੀ ਹੈ ਕਿ ਭਾਰਤ ਵਿੱਚ ਸਨੱਅਤੀ ਤੂਫਾਨ ਆਉਣਾ ਹੈ। ਸਾਨੂੰ ਇਸ ਤੂਫਾਨ ਵਿੱਚ ਵਹਿਣਾ ਵੀ ਪੈਣਾ ਹੈ। ਪਰ ਅਸੀਂ ਇਸ ਵਹਾ ਵਿੱਚ ਵਹਿਣ ਨੂੰ ਹੀ ਆਪਣੀ ਸ਼ਾਨ ਸਮਝ ਕੇ ਜਸ਼ਨ ਨਾ ਮਨਾਉਣ ਲੱਗ ਪਈਏ। ਇਸ ਵਹਿਣ ਵਹਿੰਦਿਆਂ ਹੋਇਆਂ ਆਪਣੀ ਹੋਂਦ ਨੂੰ, ਆਪਣੇ ਸਭਿਆਚਾਰ ਨੂੰ ਕਾਇਮ ਰਖਣ ਦਾ ਜਤਨ ਕਰੀਏ ਅਤੇ ਸਨੱਅਤ ਦੇ ਧੂੰਏ ਤੋਂ ਆਪਣੇ ਆਪ ਬਚਾਉਂਦੇ ਰਹੀਏ।

Zee TV, MTV, Star TV ਆਦਿ ਲੋਕਾਂ ਦੇ ਜੀਵਨ ਦਾ ਹਿੱਸਾ ਬਣ ਰਿਹਾ ਹੈ। ਇਨ੍ਹਾਂ ਦਾ ਚੰਗਾ-ਮੰਦਾ ਪ੍ਰਭਾਵ ਪੈਣਾ ਹੀ ਹੈ। ਇਸ ਵੱਲੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਇਸ ਦੇ ਪ੍ਰਭਾਵ ਨੂੰ ਠੱਲ ਪਾਉਣ ਦਾ ਇੱਕ ਹੀ ਤਰੀਕਾ ਹੈ ਕਿ ਇਸ ਦੇ ਮੁਕਾਬਲੇ ਵੱਡੀ ਲਕੀਰ ਖਿੱਚ ਦਿੱਤੀ ਜਾਵੇ।

ਪਹਿਲਾਂ ਆਪਣੇ ਸਭਿਆਚਾਰ ਦੀ ਪਛਾਣ ਕੀਤੀ ਜਾਵੇ। ਆਪਣੇ ਅਸਲੀ ਕਲਾਕਾਰਾਂ ਅਤੇ ਕਲਾ ਨੂੰ ਪਛਾਣਿਆ ਜਾਵੇ ਅਤੇ ਇਸ ਨੂੰ ਉਤਸ਼ਾਹਿਤ ਕੀਤਾ ਜਾਵੇ।

ਕੌਮੀ ਸਭਿਆਚਾਰ ਪਾਲਸੀ ਬਾਰੇ ਬੜੇ ਨਿੱਗਰ ਵਿਚਾਰ ਰੱਖੇ ਗਏ ਹਨ। ਲੋੜ ਪੰਜਾਬ ਦੇ ਪ੍ਰਸੰਗ ਵਿੱਚ ਇਹਨਾਂ ਉੱਤੇ ਅਮਲ ਕਰਨ ਦੀ ਹੈ ਕੁਝ ਸੁਝਾਅ ਇਸ ਪ੍ਰਕਾਰ ਹਨ :-

ਸਰਕਾਰ ਵੱਲੋਂ ਸਭਿਆਚਾਰ ਪ੍ਰੋਗਰਾਮ ਕਰਨੇ ਇੱਕ ਸ਼ਲਾਘਾਯੋਗ ਕਾਰਜ ਹੈ ਪਰ ਇਹਨਾਂ ਦੀ ਰੂਪ-ਰੇਖਾ ਵੱਲ ਧਿਆਨ ਦੇਣ ਦੀ ਲੋੜ ਹੈ। ਇਹਨਾਂ ਸਮਾਗਮਾਂ ਵਿੱਚ ਪੰਜਾਬ ਦੇ ਅਸਲੀ ਕਲਾਕਾਰਾਂ ਨੂੰ ਪੇਸ਼ ਕਰਨ ਦੀ ਲੋੜ ਹੈ। ਇਸ ਵੇਲੇ ਕੁਝ ਗਿਣੇ ਚੁਣੇ ਅਖੌਤੀ ਲੋਕ ਕਲਾਕਾਰ ਜਿਹੜੇ ਪਹਿਲਾਂ ਹੀ ਇਸ਼ਤਿਹਾਰ ਬਾਜ਼ੀ ਅਤੇ ਨੀਵੇਂ ਪੱਧਰ ਦੀ ਕਲਾਕਾਰੀ ਨਾਲ ਮਸ਼ਹੂਰ ਹੋ ਚੁੱਕੇ ਹਨ, ਕਾਫੀ ਧਨ ਕਮਾ ਚੁੱਕੇ ਹਨ, ਸਰਕਾਰੀ ਸਭਿਆਚਾਰ ਪ੍ਰੋਗਰਾਮਾਂ ਵਿਚ ਬੁਲਾਏ ਜਾਂਦੇ ਹਨ। ਉਹਨਾਂ ਨੂੰ ਬਹੁਤ ਪੈਸਾ ਦਿੱਤਾ ਜਾਂਦਾ ਹੈ। ਉਸ ਪੈਸੇ ਦੀ ਤੁਲਨਾਂ ਸਰਕਾਰ ਵਲੋਂ ਲੇਖਕਾਂ, ਕਲਾਕਾਰਾਂ ਨੂੰ ਦਿੱਤੀ ਸਨਮਾਨ ਰਾਸ਼ੀ ਨਾਲ ਕਰੀਏ ਤਾਂ ਨਮੋਸ਼ੀ ਹੁੰਦੀ ਹੈ। ਇਹ ਅਖੌਤੀ ਕਲਾਕਾਰ ਸਾਡੇ ਸਭਿਆਚਾਰ ਨੂੰ ਦੂਸ਼ਿਤ ਕਰਦੇ ਹਨ। ਸਰਕਾਰ ਇਹਨਾਂ ਨੂੰ ਉਤਸ਼ਾਹਿਤ ਨਾ ਕਰੇ।

ਸਭਿਆਚਾਰ ਨੂੰ ਦੂਸ਼ਿਤ ਕਰਨ ਵਾਲੇ ਪਲਾਸਟਿਕ ਕਲਾਕਾਰਾਂ ਨੂੰ ਵਪਾਰਕ ਅਦਾਰੇ ਬਹੁਤ ਉਤਸ਼ਾਹਤ ਕਰਦੇ ਹਨ ਅਤੇ ਉਹਨਾਂ ਦੀਆਂ ਕੈਸਟਾਂ ਆਦਿ ਦੀ ਵਿਕਰੀ ਬਹੁਤ ਹੁੰਦੀ ਹੈ। ਸਰਕਾਰ ਸ਼ਾਇਦ ਇਹਨਾਂ ਵਪਾਰਕ ਕੰਪਨੀਆਂ ਤੇ ਰੋਕ ਤਾਂ ਨਹੀਂ ਲਗਾ ਸਕਦੀ ਪਰ ਅਸਲੀ ਕਲਾਕਾਰਾਂ ਦੀਆਂ ਕੈਸਟਾਂ ਤਿਆਰ ਕਰਵਾ ਕੇ ਸਸਤੇ ਮੁੱਲ ਤੇ ਲੋਕਾਂ ਤੱਕ ਜ਼ਰੂਰ ਪੁਚਾ ਸਕਦੀ ਹੈ। ਸਭਿਆਚਾਰ ਵਿਭਾਗ ਵੱਲੋਂ ਤਿਆਰ ਕੀਤੀ ਕੈਸਟ 'ਦਰਦ ਕੌਣ ਦਰਵੇਸ਼' ਇੱਕ ਉੱਤਮ ਕੈਸਟ ਹੈ। ਪੰਜਾਬ ਦੀ ਗਾਇਕੀ ਕੀਰਤਨ ਅਤੇ ਕਲਾਸੀਕਲ ਗਾਇਕਾਂ ਦੀਆਂ ਕੈਸਟਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਜੇ ਰੇਡੀਓ ਟੀ. ਵੀ. ਅਤੇ ਕੈਸਟ ਕੰਪਨੀਆਂ ਦੀ ਸਹਾਇਤਾ ਲੈ ਲਈ ਜਾਵੇ ਤਾਂ ਕੋਈ ਹਰਜ ਨਹੀਂ।

ਜਦੋਂ ਵੀ ਨਾਰਥ ਜ਼ੋਨ, ਜਾਂ ਸਭਿਆਚਾਰਕ ਵਿਭਾਗ ਕੋਈ ਪ੍ਰੋਗਰਾਮ ਕਰਾਉਂਦੇ ਹਨ ਆਮ ਕਰਕੇ

* # 422, Sector 15-A, Chandigarh - 160 015

ਪੰਜਾਬ ਤੋਂ ਬਾਹਰਲੇ ਪ੍ਰਸਿੱਧ ਕਲਾਕਾਰਾਂ ਨੂੰ ਬੁਲਾਇਆ ਜਾਂਦਾ ਹੈ। ਇਹਨਾਂ ਪ੍ਰੋਗਰਾਮਾਂ ਦਾ ਪ੍ਰਬੰਧ ਜਦੋਂ ਪੰਜਾਬ ਵਲੋਂ ਹੁੰਦਾ ਹੈ ਤਾਂ ਪੰਜਾਬ ਦੇ ਸਥਾਨਕ ਕਲਾਕਾਰਾਂ ਦੀ ਸ਼ਮੂਲੀਅਤ ਲਾਜ਼ਮੀ ਬਣਾਈ ਜਾਣੀ ਚਾਹੀਦੀ ਹੈ। ਬਾਹਰਲਾ ਕਲਾਕਾਰ ਇੱਕ ਅਤੇ ਸਥਾਨਕ ਕਲਾਕਾਰ ਤਿੰਨ ਇਸ ਤਰ੍ਹਾਂ ਹਰ ਪ੍ਰੋਗਰਾਮ ਪੇਸ਼ ਹੋਵੇ ਤਾਂ ਸਥਾਨਕ ਕਲਾਕਾਰਾਂ ਨੂੰ ਆਪਣੀ ਕਲਾ ਨਿਖਾਰਨ ਲਈ ਉਤਸ਼ਾਹ ਪ੍ਰਾਪਤ ਹੋਵੇਗਾ। ਘਰ ਦੇ ਜੋਗੀ ਨੂੰ ਜੋਗੜਾ ਸਮਝਣ ਦੀ ਆਦਤ ਦਾ ਤਿਆਗ ਕੀਤਾ ਜਾਵੇ।

ਹਰ ਪਿੰਡ ਨੂੰ ਇੱਕ ਸਭਿਆਚਾਰਕ ਇਕਾਈ ਮੰਨ ਕੇ ਉਥੋਂ ਦਾ ਇਤਿਹਾਸ ਉਸ ਪਿੰਡ ਦੇ ਲੋਕਾਂ ਦਾ ਰਹਿਣ ਸਹਿਣ, ਖਾਣ-ਪੀਣ, ਕੰਮ ਕਿਤੇ, ਪ੍ਰਸਿੱਧ ਵਿਅਕਤੀ ਪਿੰਡ ਦੀ ਕਲਾ, ਕਲਾਕਾਰ ਗੀਤ ਕਹਾਣੀਆਂ ਆਦਿ ਬਾਰੇ ਪੁਸਤਕ ਤਿਆਰ ਕੀਤੀ ਜਾਵੇ। ਉਹਨਾਂ ਦੇ ਕਲਾਕਾਰਾਂ ਦੇ ਗਾਏ ਗੀਤਾਂ ਅਤੇ ਹੋਰ ਕਲਾਵਾਂ ਦੀਆਂ ਆਡਿਓ-ਵੀਡੀਓ ਕੈਸਟਾਂ ਤਿਆਰ ਕੀਤੀਆਂ ਜਾਣ। ਇਹ ਕੰਮ ਪਿੰਡ ਦੀ ਪੰਚਾਇਤ ਅਤੇ ਸਕੂਲ ਨੂੰ ਸੌਂਪਿਆ ਜਾ ਸਕਦਾ ਹੈ। ਪਿੰਡ ਵਿਚ ਲਾਇਬ੍ਰੇਰੀ ਹੋਣੀ ਜ਼ਰੂਰੀ ਹੈ ਇਸ ਲਈ ਸਕੂਲ ਅਧਿਆਪਕ ਨੂੰ ਵਾਧੂ ਅਲਾਉਂਸ ਦੇ ਕੇ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

ਸਕੂਲਾਂ ਕਾਲਜਾਂ ਵਿੱਚ ਸਭਿਆਚਾਰਕ ਸਰਗਰਮੀਆਂ ਨੂੰ ਪੜ੍ਹਾਈ ਦਾ ਹੀ ਜ਼ਰੂਰੀ ਅੰਗ ਸਮਝਿਆ ਜਾਵੇ। ਇਸ ਵਿੱਚਲੇ ਕਲਾਕਾਰਾਂ ਦੀ ਕਲਾ ਨੂੰ ਉਚਿਤ ਮਾਣ ਦਿੱਤਾ ਜਾਵੇ। ਸਭਿਆਚਾਰਕ ਮੁਕਾਬਲਿਆਂ ਵਿੱਚ ਮਹਤਵਪੂਰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨੌਕਰੀਆਂ ਆਦਿ ਵਿਚ ਪਹਿਲ ਦਿੱਤੀ ਜਾਵੇ। ਕੇਵਲ ਖਿਡਾਰੀਆਂ ਦੀਆਂ ਪ੍ਰਾਪਤੀਆਂ ਨੂੰ ਹੀ ਨਾ ਸਨਮਾਨਿਆ ਜਾਵੇ। ਇਸ ਕੰਮ ਨੂੰ ਸਭਿਆਚਾਰ ਵਿਭਾਗ ਅਤੇ ਸਿਖਿਆ ਵਿਭਾਗ ਮਿਲ ਕੇ ਕਰ ਸਕਦੇ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਹੋਣ ਵਾਲੇ ਸਭਿਆਚਾਰਕ ਪ੍ਰੋਗਰਾਮ ਇਸ ਵੇਲੇ ਵੀ ਬਹੁਤ ਵਧੀਆ ਹੁੰਦੇ ਹਨ। ਉਹਨਾਂ ਦੀਆਂ ਆਡਿਓ-ਵੀਡੀਓ ਕੈਸਟਾਂ ਤਿਆਰ ਕਰਕੇ ਲਾਇਬ੍ਰੇਰੀਆਂ ਵਿੱਚ ਰੱਖਣੀਆਂ ਚਾਹੀਦੀਆਂ ਹਨ।

ਜਦੋਂ ਕੰਪੋਜ਼ਿਟ ਕਲਚਰ ਦੀ ਗੱਲ ਕਰਦੇ ਹਾਂ ਸਿੱਖ ਧਰਮ ਵੱਲ ਧਿਆਨ ਜਾਂਦਾ ਹੈ। ਸਿੱਖ ਧਰਮ ਦੀ ਜੀਵਨ ਜਾਚ ਦੇ ਰਚਣਹਾਰੇ ਕੇਵਲ ਪੰਜਾਬ ਦੇ ਗੁਰੂ ਸਾਹਿਬਾਨ ਹੀ ਨਹੀਂ ਸਨ ਸਗੋਂ ਭਾਰਤ ਦੇ ਹੋਰ ਪ੍ਰਾਂਤਾਂ, ਕਿੱਤਿਆਂ, ਜ਼ਾਤਾਂ ਅਤੇ ਫਿਰਕਿਆਂ ਨਾਲ ਸੰਬੰਧਿਤ ਮਹਾਂਪੁਰਖ ਵੀ ਸਨ। ਉਹਨਾਂ ਦੀ ਸਿੱਖਿਆ ਸਦਕਾ ਇੱਕ ਅਮੀਰ ਅਤੇ ਨਰੋਆ ਸਭਿਆਚਾਰ ਪੈਦਾ ਹੋਇਆ ਹੈ। ਇਹ ਕੰਪੋਜ਼ਿਟ ਸਭਿਆਚਾਰ ਦਾ ਇੱਕ ਉੱਤਮ ਨਮੂਨਾ ਸਾਬਤ ਹੋ ਸਕਦਾ ਹੈ। ਇਸ ਦੇ ਪ੍ਰਚਾਰ ਨੂੰ ਕੇਵਲ ਧਾਰਮਿਕ ਸੰਸਥਾਵਾਂ ਦੇ ਹੱਥ ਵਿੱਚ ਨਾ ਰਹਿਣ ਦਿੱਤਾ ਜਾਵੇ। ਸਗੋਂ ਸਰਕਾਰ ਭਾਰਤ ਦੇ ਹੋਰ ਪ੍ਰਾਂਤਾਂ ਦੇ ਭਗਤ ਕਵੀਆਂ ਜਿਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ, ਦੇ ਜਨਮ ਦਿਨ ਪੰਜਾਬ ਵਿੱਚ ਉਹਨਾਂ ਦੇ ਜਨਮ ਸਥਾਨਾਂ ਉਪਰ ਮਨਾਏ ਅਤੇ ਉਥੋਂ ਦੇ ਲੋਕਾਂ ਨੂੰ ਦੱਸੇ ਕਿ ਕਿਵੇਂ ਇਹਨਾਂ ਮਹਾਂਪੁਰਖਾਂ ਦੇ ਵਿਚਾਰਾਂ ਨੂੰ ਪੰਜਾਬੀਆਂ ਨੇ ਅਪਣੀ ਜੀਵਨ-ਜਾਚ ਦਾ ਹਿੱਸਾ ਬਣਾਇਆ ਹੋਇਆ ਹੈ।

ਕਲਾ ਦੇ ਪ੍ਰਚਾਰ ਅਤੇ ਪ੍ਰਸਿੱਧ ਕਲਾਕਾਰਾਂ ਦੀ ਸੰਭਾਲ ਲਈ ਗੁਰੂ ਸ਼ਿਸ਼ ਪਰੰਪਰਾ ਸੁਰਜੀਤ ਕੀਤੀ ਜਾਵੇ। ਕਿਸੇ ਪ੍ਰਸਿੱਧ ਕਲਾਕਾਰ ਨੂੰ ਜਿਥੇ ਉਹ ਰਹਿਣਾ ਚਾਹੁੰਦਾ ਹੈ ਉਥੇ ਰਹਿਣ ਦਿੱਤਾ ਜਾਵੇ। ਉਸ ਦੇ ਰਹਿਣ ਸਹਿਣ ਦਾ ਸਾਰਾ ਖਰਚਾ ਸਰਕਾਰ/ਪੰਚਾਇਤ ਜਾਂ ਮਿਉਂਸਪਲ ਕਮੇਟੀ ਚੁਕੇ। ਉਸ ਨੂੰ ਸਿਖਣ ਦੇ ਚਾਹਵਾਨ ਵਿਦਿਆਰਥੀ ਦੇ ਦਿੱਤੇ ਜਾਣ। ਕੋਸ਼ਿਸ਼ ਕੀਤੀ ਜਾਵੇ ਕਿ ਇਹ ਵਿਦਿਆਰਥੀ ਉਸ ਇਲਾਕੇ ਦੇ ਹੀ ਹੋਣ। ਇਸ ਨਾਲ ਸੰਗੀਤ ਵਰਗੀ ਕਲਾ ਦਾ ਤਾਂ ਜ਼ਰੂਰ ਹੀ ਪ੍ਰਚਾਰ ਹੋਵੇਗਾ। ਇਸ ਕਾਰਜ ਉਪਰ ਖਰਚਾ ਕਿਸੇ ਵੀ ਸਕੂਲ ਜਾਂ ਕਾਲਜ ਦੇ ਸੰਗੀਤ ਵਿਭਾਗ ਤੋਂ ਕਿਤੇ ਘੱਟ ਆਵੇਗਾ। ਇਸ ਕੰਮ ਲਈ ਸਰਕਾਰ ਵੱਲੋਂ ਸਨਮਾਨਤ ਪ੍ਰਸਿੱਧ ਕਲਾਕਾਰਾਂ ਦੀ ਸਹਾਇਤਾ ਲਈ ਜਾ ਸਕਦੀ ਹੈ। ■


**ਮਾਤਾ ਗੁਜਰੀ ਸੁਖ ਨਿਵਾਸ**

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ – ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ

ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ।

ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :- ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਰਾਗ ਪ੍ਰੀਖ੍ਯਾ

### ਭਾਈ ਸਾਹਿਬ ਸਿੰਘ ਨਾਭਾ ਨਿਵਾਸੀ

• • •

*(ਗੁਰਬਾਣੀ ਸੰਗੀਤ ਸਬੰਧੀ ਪ੍ਰਸ਼ਨਾਵਲੀ: ਇਹ ਪ੍ਰਸ਼ਨਾਵਲੀ ਭਾਈ ਸਾਹਿਬ ਸਿੰਘ ਨਾਭਾ ਨਿਵਾਸੀ ਸੰਗੀਤ ਵੇਤਾ ਨੇ ਜੁਲਾਈ 1908 ਈ. ਵਿਚ ਤਿਆਰ ਕੀਤੀ ਸੀ ਜਿਸਨੂੰ ਭਾਈ ਪ੍ਰੇਮ ਸਿੰਘ ਦੁਆਰਾ ਦੁਰਗਾ ਪ੍ਰੈਸ ਨਾਭਾ ਵਾਲਿਆਂ ਨੇ ਉਸੇ ਸਾਲ 'ਰਾਗ ਪ੍ਰੀਖਛਾ' ਸਿਰਲੇਖ ਦੇ ਕੇ ਪ੍ਰਕਾਸ਼ਤ ਕੀਤਾ ਸੀ। ਇਸ ਵਿਚ ਵਿਦਵਾਨ ਰਾਗੀ ਨੇ 56 ਸਵਾਲ ਉਠਾਏ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਗੁਰਮਤਿ ਸੰਗੀਤ ਸਬੰਧੀ ਸਿੱਖ ਰਾਗੀਆਂ ਵਿੱਚ ਕਿਸ ਕਿਸ ਕਿਸਮ ਦੀ ਉਤਸੁਕਤਾ ਪਾਈ ਜਾਂਦੀ ਸੀ। ਇਨ੍ਹਾਂ ਵਿਚੋਂ ਕਈ ਸਵਾਲ ਸੁਲਝਾ ਲਏ ਗਏ ਹਨ ਤੇ ਕਈਆਂ ਗੁੰਝਲਾਂ ਦਾ ਅਜੇ ਤਕ ਸਮਾਧਾਨ ਨਹੀਂ ਮਿਲਿਆ। ਲੋੜ ਹੈ, ਉਨ੍ਹਾਂ ਸਮੱਸਿਆਵਾਂ ਨੂੰ ਸਮਝਣ ਦੀ ਤੇ ਭਾਰਤੀ ਸੰਗੀਤ ਪਰੰਪਰਾ ਵਿੱਚੋਂ ਉਨ੍ਹਾਂ ਦਾ ਖੁਰਾਖੋਜ ਲੱਭਣ ਦੀ। ਖਾਸ ਕਰਕੇ ਬਜ਼ੁਰਗ ਸੰਗੀਤ ਵੇਤਾ, ਸੀਨੇ ਬਸੀਨੇ ਚਲੇ ਆ ਰਹੇ ਆਪਣੇ ਗਿਆਨ ਰਾਹੀਂ ਇਨ੍ਹਾਂ ਬਾਰੇ ਪ੍ਰਕਾਸ਼ ਪਾ ਸਕਦੇ ਹਨ। ਇਸੇ ਕਰਕੇ ਉਸ ਪ੍ਰਸ਼ਨਾਵਲੀ ਨੂੰ ਮੁੜ ਪਾਠਕਾਂ ਦੇ ਸਨਮੁੱਖ ਰੱਖਿਆ ਜਾ ਰਿਹਾ ਹੈ। - ਪਿਆਰਾ ਸਿੰਘ ਪਦਮ)*

• • •

ਲੋਗ ਜਾਨੈ ਇਹ ਗੀਤ ਹੈ ਇਹ ਤੋ ਬ੍ਰਹਮਵੀਚਾਰ॥
ਜਿਉਂ ਕਾਂਸੀ ਉਪਦੇਸ ਹੋਇ ਮਾਨਸ ਮਰਤੀ ਵਾਰ॥
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤ ਲਾਇ॥
ਕਹ ਕਬੀਰ ਸੰਸਾ ਨਹੀਂ ਅੰਤ ਪਰਮਗਤ ਪਾਇ॥
ਨਾਹੰ ਬਸਾਮੀ ਬੈਕੁੰਠੇ ਯੋਗੀ ਨਾਂ ਰਿਦੈਨ ਬੈਯ।
ਮਦ ਭਕਤਾ ਯਤ੍ਰ ਗਾਯੰਤੀ ਤਤ੍ਰ ਤ੍ਰਿਸਠਾਮੀ ਨਾਰਦ।

ਭਗਵਾਨ ਕਹਿਤੇ ਹੈਂ ਕਿ ਨ ਤੋ ਮੈਂ ਬੈਕੁੰਠ ਮੈਂ ਬਸਤਾ ਹੂੰ ਨ ਯੋਗੀਓਂ ਕੇ ਹ੍ਰਿਦੇ ਮੈਂ ਰਹਿਤਾ ਹੂੰ, ਹੇ ਨਾਰਦ ਮੈਂ ਉਨ ਭਕਤੋਂ ਕੇ ਹ੍ਰਿਦੇ ਮੈਂ ਨਿਵਾਸ ਕਰਤਾ ਹੂੰ ਜੋ ਗਾਯਨ ਕਰਤੇ ਹੈਂ

ਯਾਗਜਵਲਕ ਕਹਿਤੇ ਹੈਂ ਅਧਯਾਯ 8

ਵੀਣਾ ਵਾਦਨ ਤਤ੍ਰਗਯ ਸ੍ਰੁਤਿਜਾਤਿ ਵਿਸਾਰਦ:।
ਤਾਲਗਯਸਚਾਪ੍ਰਯੇ ਸੇਨ ਮੋਖ ਮਾਰਗੇ ਨਿਯਛਤਿ॥

ਬੀਣਾ ਕੇ ਬਾਜ ਕੇ ਤ੍ਰਤ੍ਵ ਕੋ ਜਾਨਨੇ ਵਾਲਾ ਔਰ ਸ੍ਰੁਤਿਓ ਕੇ ਜਾਨਨੇ ਮੈਂ ਜੋ ਚਤੁਰ ਹੈ ਔਰ ਤਾਲੋਂ ਕੇ ਭੇਦ ਕੋ ਜੋ ਜਾਨਨੇ ਵਾਲਾ ਹੈ ਸੋ ਬਿਨਾਹੀ ਜਤਨ ਸੇ ਮੋਖ੍ਯ ਮਾਰਗਕੋ ਪ੍ਰਾਪਤ ਹੋਤਾ ਹੈ॥

ਯਦਿ ਯਹਿ ਰਾਗ ਵਿਦਯਾ ਅਤਿ ਉੱਤਮ ਵਸਤੂ ਥੀ ਜਿਸ ਕੋ ਹਰੇਕ ਅਵਤਾਰ ਗਾਯਨ ਕਰਤੇ ਰਹੇ ਹੈਂ, ਰਾਮ ਚੰਦ੍ਰ ਜੀ ਕੇ ਪੁਤ੍ਰ ਲਵ, ਕੁਸ ਨੇ ਬਾਲਮੀਕੀ ਰਾਮਾਯਣ ਗਾਇਨ ਕੀਆ, ਸ਼ਿਵਜੀ ਤਥਾ ਕ੍ਰਿਸ਼ਨ ਜੀ ਨੇ ਤਾਂਡਵ ਨਿਰਤ ਕਰਕੇ ਗਾਇਨ ਕੀਆ, ਸਾਰਸ੍ਵਤੀ ਨੇ ਸਦਾ ਕਾਲ ਬੀਣਾ ਧਾਰਨ ਕਰ ਰੱਖੀ ਹੈ ਹਮਾਰੇ ਦਸੋ ਗੁਰੂ ਸਾਹਿਬਾਨ ਗਾਇਨ ਵਿਦਯਾ ਮੇ ਪੂਰਨ ਪਰਵਿਰਤ ਥੇ, ਗੁਰੂ ਨਾਨਕ ਜੀ ਰਬਾਬ ਕੇ ਸਾਥ ਸ਼ਬਦ ਉਚਾਰਨ ਕੀਆ ਕਰਤੇ ਥੇ, ਗੁਰੂ ਅਰਜਨ ਦੇਵ ਜੀ ਰਬਾਬ ਕੇ ਸਾਥ ਸ਼ਬਦ ਗਾਯਨ ਕੀਆ ਕਰਤੇ ਥੇ ਔਰ ਰਾਗੀ ਸਿੰਘੋਂ ਕੇ ਵਾਸਤੇ ਸਰੰਦਾ ਸਾਜ ਖੁਦ ਅਜਾਦ ਕੀਆ ਔਰ ਗੁਪਤ ਹੁਈ ਰਾਗ ਵਿਦਯਾ ਰਾਗੀ ਸਿੰਘੋਂ ਕੋ ਸਿਖਾਕਰ ਸੰਪਰਦਾਯ ਕਾਯਮ ਕੀ ਔਰ ਖਾਸਕਰ ਗੁਰੂ ਗ੍ਰੰਥ ਸਾਹਿਬ ਜੀ ਕਾ ਏਕ ਏਕ ਸ਼ਬਦ ਗੁਰੂ ਸਾਹਿਬਾਨ ਨੇ ਰਾਗੋਂ ਮੈਂ ਰਚਾ ਔਰ ਐਸੇ ਹੀ ਦਸਮ ਗੁਰੂ ਜੀ ਨੇ ਸਰਬ ਲੋਹ ਗ੍ਰੰਥ ਰਾਗੋਂ ਮੈਂ ਰਚਾ॥ ਮਗਰ ਅਫਸੋਸ ਕਿ ਆਜਕਲ ਅਕਸਰ ਹਮਾਰੇ ਰਾਗੀ ਸਿੰਘ ਭਾਈ ਰਾਗ ਵਿਦਯਾ ਸੇ ਕੋਸੋਂ ਦੂਰ ਹੋਤੇ ਚਲੇ ਜਾਤੇ ਹੈਂ ਔਰਾ ਰਾਗੀ ਸਿੰਘ ਕਹਿਲਾਤੇ ਹੈਂ। ਕਯਾ ਗ੍ਰੰਥ ਸਾਹਿਬ ਕੇ ਸੰਪੂਰਨ ਅਰਥੋਂ ਕੋ ਨ ਜਾਨਨੇ ਵਾਲਾ ਗਯਾਨੀ ਕਹਿਲਾ ਸਕਤਾ ਹੈ? ਕਯਾ ਰਾਗ ਵਿਦਯ ਕੋ ਨ ਜਾਨਨੇ ਵਾਲਾ ਰਾਗੀ ਕਹਿਲਾਇਗਾ। ਆਜ ਕਲ ਰਾਗ ਵਿਦਯਾ ਕੀ ਸੰਪ੍ਰਦਾਇ ਛੂਟ ਗਈ, ਗੁਰੂ ਅਰਜਨ ਦੇਵ ਜੀ ਨੇ ਜੋ ਸਰੰਦਾ ਸਾਜ ਖ਼ਾਸ ਰਾਗੀ ਸਿੰਘੋਂ ਕੋ ਬਖਸ਼ਾ ਥਾ ਵੋ ਛੋੜਕਰ ਅੰਨ ਮਤੀਓਂ ਕੇ ਆਜਾਦ ਕੀਏ ਹੁਏ ਤਾਊਸ ਔਰ ਬਾਜਾ ਪਕੜ ਲੀਏ ਹਾਲਾਂ ਕਿ ਬਾਜੇ ਮੈਂ ਕੇਵਲ ਸੁਰਹੀ ਹੈਂ ਮੀਂਡ, ਗਮਕ ਸ੍ਰੁਤੀ, ਮੂਰਛਨਾ, ਕਲਾ ਜੋ ਰਾਗ ਕੋ ਪ੍ਰਗਟ ਕਰਤੀ ਹੈਂ ਮੌਜੂਦ ਹੀ ਨਹੀਂ ਹੈਂ। ਫਿਰ ਰਾਗ ਕਾ ਸਰੂਪ ਸੁੱਧ ਕੈਸੇ ਬਨੇ, ਮਗਰ ਰਾਗ ਵਿਦਯਾ ਸੇ ਹੀਨ ਸ੍ਰੋਤਯੋਂ ਕੋ ਵਹੀ ਪ੍ਰਿਯ ਮਾਲੂਮ ਦੇਤਾ ਹੈ॥ ਕਾਰਣ ਇਸਕੇ ਦੋ ਹੈਂ ਏਕ ਯੇਹ ਕਿ ਅਬ ਰਾਗ ਵਿਦਯਾ ਕੋ ਜਾਨਨੇ ਵਾਲੇ ਰਾਜਾ ਸਰਦਾਰ ਅਮੀਰ ਕਮ ਰਹਿ ਗਏ। ਸਿਰਫ ਕਾਨ ਰਸੀਏ ਹੈਂ ਅਰਥਾਤ ਜੋ ਕਾਨੋਂ ਅੱਛਾ ਲਗੇ ਉਸੀਕੋ ਰਾਗ ਸਮਝ ਲੇਤੇ ਹੈਂ ਇਸੀ ਵਜੇ ਸੇ ਮਹਿਬੂਬ ਜਾਨੀ ਔਰ ਲੱਛੀ ਆਦਿ ਥੀਟਰੋਂ ਕੇ ਗੀਤੋਂ ਪਰ ਰਾਗੀ ਸਿੰਘ ਸ਼ਬਦ ਗਾਯਨ ਕਰਨੇ ਲਗੇ,

ਪੁਰਾਨੀ ਧਾਰਨਾ ਛੋੜਦੀ ਔਰ ਗੁਰੂ ਸਾਹਿਬ ਕੇ ਸਾਜ ਸਰੰਦੇ ਕੋ ਛੋੜਕਰ ਅੰਨ ਮਤੀਓਂ ਕੇ ਸਾਜ ਪਕੜ ਲੀਏ। ਗੁਰੂ ਸਾਹਿਬ ਨੇ ਰਾਗ ਵਿਦਜਾ ਕੋ ਕੇਵਲ ਕਾਨੋ ਕਾ ਵਿਸ਼ਾ ਸਮਝ ਕਰ ਹੀ ਨਹੀਂ ਗ੍ਰਹਣ ਕੀਆ ਥਾ ਬਲਕਿ ਪੂਰਣ ਰਾਗ ਵਿਦਜਾ ਮੁਕਤੀ ਕਾ ਕਾਰਣ ਹੈ ਦੂਸਰਾ ਕਾਰਨ ਯੇ ਹੈ ਕਿ ਰਾਗ ਵਿਦਜਾ ਔਰ ਸਰੰਦਾ ਆਦਿ ਸਾਜ ਬਰਸੋਂ ਕੀ ਮਿਹਨਤ ਸੇ ਆਤੇ ਹੈਂ ਔਰ ਬਾਜੇ ਮੇਂ ਗੀਤੋਂ ਪਰ ਸ਼ਬਦ ਦੋ ਮਹੀਨੇ ਮੇਂ ਸੀਖਕਰ ਰਾਗੀ ਬਨਜਾਤਾ ਹੈ, ਪ੍ਰੀਖ੍ਯਾ ਕੌਨ ਕਰੇ, ਪ੍ਰੀਖ੍ਯਾ ਔਰ ਇਮ ਤਿਹਾਂਨ ਕਾ ਤੋ ਜ਼ਿਕਰ ਹੀ ਨਹੀਂ। ਪਸ ਅਲਪ ਸ੍ਰੋਤਜੋਂ ਕੇ ਆਗੇ ਸਭ ਏਕ ਸਾਰ, ਜਿਸਕੀ ਆਵਾਜ ਕਾਨਕੋ ਅੱਛੀ ਲਗੇ ਵੋਹੀ ਰਾਗੀ॥ ਇਸ ਲੀਏ ਰਾਗ ਵਿਦਜਾ ਕੀ ਸੰਪ੍ਰਦਾਯ ਛੂਟ ਗਈ॥ ਅਲਪ ਸ੍ਰੋਤੇ ਖੁਸ ਚਾਹੀਏ, ਰਾਗ ਵਿਦਜਾ ਔਰ ਗੁਰੂ ਸੰਪ੍ਰਦਾਯ ਸੇ ਕਿਆ ਪ੍ਰਯੋਜਨ, ਇਸ ਵਕਤ ਜੋ ਰਾਗੀ ਸਿੰਘ ਹੈਂ ਵੋ ਤੋ ਬਹੁਤ ਕਮ ਕਹੀਂ ਕਹੀਂ ਨਜ਼ਰ ਆਤੇ ਹੈਂ ਪਰੰਤੂ ਗੀਤੋਂ ਪਰ ਸ਼ਬਦੋਂ ਕੇ ਗਵੱਯਾ ਔਰ ਬਾਜੇ ਉਠਵੱਯਾ ਬੇਅੰਤ ਹੈਂ। ਜੋ ਰਾਗ ਵਿਦਜਾ ਬਰਸੋਂ ਕੀ ਮਿਹਨਤ ਸੇ ਆਤੀ ਥੀ ਵੋ ਆਜਕਲ ਦੋ ਮਹੀਨੇ ਮੇਂ ਰਾਗੀ ਬਨਕਰ ਅਲਪ ਸ੍ਰੋਤਜੋਂ ਕੋ ਖ਼ੁਸ਼ ਕਰਲੇਤਾ ਹੈ॥ ਮਗਰ ਰਾਗ ਵਿਦਜਾ ਕੋ ਜਾਨਨੇ ਵਾਲੇ ਲੋਗ ਔਰ ਅੰਨ ਮਤੀਏ ਗਾਯਕ ਦੇਖਕਰ ਉਪਹਾਸ ਕਰਤੇ ਹੈਂ। ਗੁਰੂ ਘਰ ਮੇਂ ਰਾਗ ਵਿਦਜਾ ਕੀ ਸੰਪ੍ਰਦਾਯ ਐਸੀ ਹੈ ਜਿਸਕੋ ਸ੍ਰਵਨ ਕਰਕੇ ਅੰਨ ਮਤੀਏ ਲੋਗ ਆਫਰੀਨ ਕਹਿਤੇ ਥੇ ਔਰ ਕਹਿਤੇ ਹੈਂ। ਮਗਰ ਅਫਸੋਸ ਕਿ ਅਬ ਵੋ ਵਿਦਜਾ ਕਾਫੂਰ ਹੋਤੀ ਚਲੀ ਜਾਤੀ ਹੈ॥ ਅਗਰ ਅਬੀ ਤਕ ਪ੍ਰਾਚੀਨ ਸੰਪ੍ਰਦਾਯ ਔਰ ਰਾਗ ਵਿਦਜਾ ਕੋ ਜਾਨਨੇ ਵਾਲੇ ਲੋਗ ਅਕਸਰ ਕਹੀਂ ਕਹੀਂ ਮੌਜੂਦ ਹੈਂ ਮਗਰ ਇਸ ਸਮੇਂ ਮੇਂ "ਏਕ ਹੀ ਭਾਉ ਕਪੂਰ ਕਪਾਸ ਕੋ ਏਕਹੀ ਭਾਉ ਗਜਿੰਦ੍ਰ ਔਂਟੀ" ਵਤ ਉਨਕੇ ਗੁਨ ਕੇ ਮੁਤਾਬਕ ਯਥਾ ਯੋਗ ਕਦਰ ਨਹੀਂ ਹੋਤੀ ਇਸ ਵਜੇ ਸੇ ਰਾਗੀਓਂ ਮੇਂ ਸੇ ਰਾਗ ਵਿਦਜਾ ਚਲੀ ਜਾ ਰਹੀ ਹੈ। ਸ੍ਰੋਤਾਂ ਗਨ ਲੱਛੀ ਔਰ ਮਹਿਬੂਬ ਜਾਨੀ-ਆਦਿ ਗੀਤੋਂ ਪਰ ਸ਼ਬਦ ਗਾਇਨ ਕਰਨੇ ਵਾਲੋਂ ਕੋ ਪਸੰਦ ਕਰਤੇ ਹੈਂ। ਰਾਗ ਨਹੀਂ ਮਾਲੂਮ ਕਿ ਕਿਸ ਜਾਨਵਰ ਕਾ ਨਾਮ ਹੈ॥

ਮਹਾਰਾਜ ਨਰਿੰਦ੍ਰ ਸਿੰਘ ਕੇ ਵਕਤ ਮੇਂ ਏਕ ਸੂਰਦਾਸ ਰਾਗੀ ਸਿੰਘ ਨੇ ..... ਕਾਨੜੇ ਕਾ ਸ਼ਬਦ ਪੜ੍ਹਾ ਉਸ ਮੇਂ ਸਾਰੰਗ ਕਾ ਸੁਰ ਲਗ ਗਿਆ ਮਹਾਰਾਜ ਨੇ ਕਹਾ ਕਿ ਹੋਸ਼ ਕਰ ਅੰਨ੍ਹਿਆ ਗਧੇ ਘੋੜੇ ਕਾ ਮੇਲ ਕਿਉਂ ਕਰਤਾ ਹੈ ...... ਫਿਰ ਉਸੀ ਵਕਤ ਹੁਕਮ ਦੀਆ ਕਿ ਬਿਲਾ ਇਮਤਹਾਨ ਦੇਨੇ ਕੇ ਕੋਈ ਰਾਗੀ ਔਰ ਗਾਯਕ ਨੌਕਰ ਨ ਹੋ। ਪਸ ਵਿਦਜਾ ਕੋ ਕਾਯਮ ਰਖਨਾ ਰਾਜਜੋਂ ਕਾ ਫਰਜ਼ ਹੈ॥

ਅਬ ਮੈਂ ਦੇਸੀ ਭਾਈਓਂ ਕੋ ਤਵੱਜਾ ਦਿਲਾਨੇ ਲੀਏ ੫੬ [ਪ੍ਰਸ਼ਨ] ਰਾਗ ਵਿਦਜਾ ਕੇ ਮੁਤੱਲਕ ਲਿਖਤਾ ਹੂੰ ਉਮੀਦ ਹੈ ਕਿ ਇਨ ਪ੍ਰਸ਼ਨੋਂ ਕਾ ਉੱਤ੍ਰ ਰਾਗੀ ਸਿੰਘ ਵਹੀ ਦੇਵੇਂਗੇ ਜਿਨੋਂ ਨੇ ਗੁਰੂ ਮੁਖ ਸੇ ਸੰਗੀਤ ਸ਼ਾਸਤ੍ਰ ਪੜੇ ਔਰ ਰਾਗ ਵਿਦਿਆ ਤਥਾ ਪਖਾਵਜ ਆਦਿ ਸਾਜ਼ੋਂ ਕੋ ਸੀਖਾ ਹੈ ਔਰ ਵੋਹ ਪ੍ਰਸ਼ਨ ਹੈਂ ਕਿ ਜਿਨ ਸੇ ਵਾਕਿਫ ਹੋਨਾ ਰਾਗੀ ਸਿੰਘੋਂ ਕੇ ਲੀਏ ਅਸਵਸ਼ਕਤਾ ਹੈ॥

(੫੬) ਪ੍ਰਸ਼ਨ

(੧) ਸੁਰ ਕਿਸ ਕੋ ਕਹਿਤੇ ਹੈਂ? ਸੁਰ ਕੀ ਉੱਤਪਤੀ ਕਹਾਂ ਸੇ ਹੈ?

(੨) ਸਾਤ ਸੁਰ ਤੀਨ ਗ੍ਰਾਮ ਕੇ ਨਾਮ ਕੋ ਤੋ ਬਾਲਕ ਭੀ ਜਾਨਤੇ ਹੈਂ। ਮਗਰ ਯਹਿ ਬਤਾਓ ਕਿ ਤੀਨ ਕਿ ਤੀਨ ਗ੍ਰਾਮ ਕੌਨਸੇ ਹੈਂ ਯਾਨੇ ਬੀਣਾ ਕੀ ਸਾਰ ਯਾ ਸਤਾਰ ਯਾ ਤਾਊਸ ਕੇ ਪਰਦੇ ਕੌਨ ਸੇ ਪਰ ਕਿਸ ਤਾਰ ਕੋ ਦਬਾਕਰ ਤੀਨ ਗ੍ਰਾਮ ਬੋਲਤੇ ਹੈਂ ਔਰ ਤੀਨ ਗ੍ਰਾਮ ਕੀ ਉਤਪਤੀ ਕਾ ਅਸਥਾਨ ਕੌਨਸਾ ਹੈ॥

(੩) ਹਰੇਕ ਸੁਰਕਾ ਸੁਭਾਵ ਕਿਆ ਹੈ॥

(੪) ਸੁਰੋਂਕਾ ਰੂਪ ਔਰ ਰੰਗ ਕਿਆ ਕਿਆ ਹੈ॥

(੫) ਸੁਰੋਂਕਾ ਆਕਾਸ ਔਰ ਗ੍ਰਹ ਕੌਨਸਾ ਹੈ॥

(੬) ਸੁਰੋਂ ਰਿਤੂ ਔਰ ਮੌਸਮ ਕੌਨ ਕੌਨ ਹੈ॥

(੭) ਸੁਰੋਂ ਕੀ ਜ਼ਾਤਿ ਕਿਆ ਕਿਆ ਹੈ॥

(੮) ਸੁਰੋਂ ਕੀ ਕੁਲ ਕੌਨ ਕੌਨ ਹੈ॥

(੯) ਸੁਰੋਂ ਕੇ ਦੇਵਤਾ ਕੌਨ ਕੌਨ ਹੈ॥

(੧੦) ਸੁਰੋਂ ਕੇ ਬਾਹਨ ਕਿਆ ਕਿਆ ਹੈ॥

(੧੧) ਸੁਰੋਂ ਕੇ ਬਸਤ੍ਰ ਕਿਆ ਔਰ ਰੰਗ ਕਿਆ ਕਿਆ ਹੈਂ॥

(੧੨) ਸੁਰੋਂ ਕੇ ਸਸਤ੍ਰ ਕਿਆ ਕਿਆ ਹੈਂ॥

(੧੩) ਸੁਰੋਂ ਕੀ ਸ਼੍ਰੁਤਿਆਂ ਕੌਨ ਕੌਨ ਔਰ ਕਹਾਂ ਕਹਾਂ ਬੋਲਤੀ ਹੈਂ॥

(੧੪) ਮੂਰਛਨਾ ਕਿਸ ਕਿਸ ਸੁਰ ਔਰ ਕਿਸ ਕਿਸ ਗ੍ਰਾਮ ਕੇ ਸਾਥ ਕੌਨ ਕੌਨਸੀ ਸੰਬੰਧ ਰਖਤੀ ਹੈਂ॥

(੧੫) ਇਕੀਸ ਮੂਰਛਨਾ ਔਰ ਬਾਈ ਸ੍ਰੁਤੀਆਂ ਹੈ ਔਰ ਮੂਰਛਨਾ ਏਕ ਏਕ ਮੇਂ ਤੀਨ ਤੀਨ ਹੈਂ ਕਹੋ ਸ੍ਰੁਤੀ ਔਰ ਮੂਰਛਨਾ ਸੁਰੋਂਕੇ ਅੰਤਰ ਕਿਸ ਕਿਸ ਅਸਥਾਨ ਮੇਂ ਬੋਲਤੀ ਹੈਂ ਮੂਰਛਨਾ ਕਹਾਂ ਔਰ ਸ੍ਰੁਤੀ ਕਹਾਂ ਔਰ ਕਲਾ ਕਿਆ ਵਸਤੂ ਹੈਂ ਔਰ ਕਿਸ ਅਥਾਨ ਮੇਂ ਬੋਲਤੀ ਹੈਂ ਔਰ ਕਲਾ ਕਿਤਨੀ ਹੈਂ॥

(੧੬) ਸੁਰੋਂ ਕਾ ਦਰਜਾ ਕਿਸ ਤਰੇ ਪਰ ਹੈਂ॥

(੧੭) ਸਪਤਕ ਕਿਤਨੇ ਪ੍ਰਕਾਰ ਕੀ ਹੈਂ॥

(੧੮) ਤਾਂਨ ਕਿਸਕੋ ਕਹਿਤੇ ਹੈਂ॥

(੧੯) ਮੂਲਰੂਪ ਤਾਨੇਂ ਚਾਰ ਪ੍ਰਕਾਰ ਕੀ ਹੈਂ ਕਹੋ ਕੌਨਸੀ ਹੈਂ ਔਰ ਕਿਆ ਉਨਕੇ ਨਾਮ ਔਰ ਕਿਆ ਕਿਆ ਲਖ੍ਹਣ ਹੈਂ॥

(੨੦) ਤਾਨਕੇ ਅਖ੍ਹਰ ਕਿਤਨੇ ਹੈਂ ਔਰ ਸੰਯੁਕਤ ਅਖ੍ਹਰ ਕਿਤਨੇ ਹੈਂ॥

(੨੧) ਜੋੜ ਕਿਸਕੋ ਕਹਿਤੇ ਹੈਂ ਔਰ ਜੋੜ ਬਜਾਨੇ ਕਾ ਕਾਯਦਾ ਕਿਆ ਹੈਂ॥

(੨੨) ਆਲਾਪ ਕੇ ਅਖ੍ਹਰ ਕਿਤਨੇ ਹੈਂ॥

(੨੩) ਤਾਨ ਔਰ ਆਲਾਪ ਔਰ ਜੋੜਕਾ ਕਿਤਨਾ ਫਰਕ ਹੈ॥

(੨੪) ਬੜਾ ਸੁਰ ਕਿਸਕੋ ਕਹਿਤੇ ਹੈਂ॥

(੨੫) ਆਬਰਤ ਕਾ ਲਖ੍ਹਣ ਕਿਆ ਹੈ ਔਰ ਕਿਤਨੇ ਭੇਦ ਹੈਂ॥

(੨੬) ਸੁਰ ਗੁਰੂ ਕੌਨ, ਬਾਦੀ ਕੌਨ, ਸੰਮਬਾਦੀ ਕੌਨ, ਅਮਬਾਦੀ ਕੌਨ, ਬਬਾਦੀ ਕੌਨ, ਇਨ ਪਾਂਚ ਪ੍ਰਕਾਰ ਕੇ ਸੁਰੋਂ ਕੇ ਭੇਦ ਕਿਤਨੇ ਹੈਂ॥

(੨੭) ਅਸਥਾਈ, ਸੰਚਾਰੀ, ਅੰਤਰਾ ਭੋਗ, ਅਭੋਗ, ਮੇ ਕੌਨ ਸੇ ਕੌਨ ਸੇ ਸੁਰ ਕੌਨਸੀ ਸਪਤਕ ਕਹਾਂ ਸੇ ਕਹਾਂ ਤਕ ਹਰੇਕ ਦਰਜੇ ਮੇਂ ਸੁਰ ਲਗਤੇ ਹੈਂ ਸ੍ਰੂਪ ਔਰ ਲਖ੍ਹਣ ਕਿਆ ਹੈਂ॥

(੨੮) ਸੰਚਾਰ ਕਿਸਕੋ ਕਹਿਤੇ ਹੈਂ ਔਰ ਵੋ ਕਿਤਨੇ ਪ੍ਰਕਾਰ ਕਾ ਹੈ ਹਰੇਕ ਸੰਚਾਰ ਕਾ ਲਖ੍ਹਣ ਔਰ ਸ੍ਰੂਪ ਕਿਆ ਕਿਆ ਹੈ॥

(੨੯) ਲਘੂ ਗੁਰੂ, ਦ੍ਰੁਤ ਅਨ ਦ੍ਰੁਤ ਬਿਰਾਮ, ਆਦਿ ਰਾਗ ਅਧਜਾਯ ਔਰ ਸੁਰ ਅਧਜਾਯ ਮੇਂ ਕਿਆ ਵਸਤੂ ਹੈਂ ਔਰ ਸ੍ਰੂਪ ਇਨਕਾ ਕਿਆ ਹੈ ਕਹਾਂ ਕਹਾਂ ਬਰਤੇ ਜਾਤੇ ਹੈਂ, ਬਾਰਾਂ ਸੁਰ ਬਿਕ੍ਰਤ ਕੌਨ, ਉਨਕੇ ਨਾਮ ਕਿਆ ਭੇਦ ਕੇ ਹੈਂ॥

(੩੦) ਮੂਲ ਰੂਪ ਰਾਗ ਦਸ ਪ੍ਰਕਾਰ ਕਾ ਹੈ ਇਨਕਾ ਜੁਦਾ ਜੁਦਾ ਨਾਮ ਔਰ ਲਖ੍ਹਣ ਕਹੋ ਕਿਆ ਕਿਆ ਹੈ॥

(੩੧) ਸਾਤ ਸੁਰੋਂ ਕੇ ਭੇਦ ਸਿਕਾਰੀ ਸੁਰ ਸੇ ਲੇਕਰ ਤੀਬਰ ਤਮ ...... ਕਿਤਨੇ ਹੈਂ ਔਰ ਕਿਆ ਕਿਆ ਉਨਕਾ ਨਾਮ ਔਰ ਕਿਆ ਕਿਆ ਸ੍ਰੂਪ ਹੈ॥

(੩੨) ਗ੍ਰਾਮ ਅਚਲ ਕੌਨ ਔਰ ਚਲ ਕੌਨ ਹੈ॥

(੩੩) ਤਾਨੋਂ ਕੇ ਪ੍ਰਸਤਾਰ ਕਾ ਕਾਯਦਾ ਕਿਆ ਹੈ ਔਰ ਕਿਤਨੀ ਤਾਨੇ ਕੁੱਲ ਪ੍ਰਸਤਾਰ ਕਰਨੇ ਸੇ ਹੋਤੀ ਹੈਂ, ਕਿਤਨੇ ਉਨਕੇ ਭੇਦ ਹੈਂ॥

(੩੪) ਚਾਰ ਮਤ ਜੋ ਸੰਗੀਤ ਸਾਸਤ੍ਰੋਂ ਮੇ ਕਥਨ ਕੀਏ ਹੈਂ ਕਹੋ ਉਨ ਮੇ ਭੇਦ ਕਿਆ ਕਿਆ ਹੈਂ॥

(੩੫) ਚਾਰ ਬਾਣੀਆਂ ਕੌਨਸ਼ੀ ਹੈਂ ਔਰ ਉਨਕੇ ਲਖ੍ਹਣ ਕਿਆ ਕਿਆ ਹੈਂ ਕਹਾਂ ਸੇ ਉਤਪੰਨ ਹੁਈ ਹੈਂ॥

(੩੬) ਸੁੱਧ ਰਾਗ, ਰਾਗਣੀ, ਭਾਰਜਾ, ਆਦਿ ਕਿਤਨੇ ਔਰ ਵਰਣ ਸ਼ੰਕਰ ਕਿਤਨੇ ਔਰ ਕੌਨ ਕੌਨ ਰਾਗ ਕਿਸ ਕਿਸ ਮੌਕੇ ਪਰ ਗਾਇਨ ਕਰਨੇ ਫਲ ਦਾਯਕ ਔਰ ਕੌਨ ਕੌਨ ਰਾਗ ਕਿਸ ਕਿਸ ਮੌਕੇ ਪਰ ਗਾਇਨ ਕਰਨੇ ਹਾਨੀ ਕਾਰਕ ਹੈਂ ਲੇਕਨ ਯੇ ਪ੍ਰਸਨ ਰਾਗੋਂ ਕੇ ਵਕਤ ਕੇ ਮੁਤਲਕ ਨਹੀਂ ਹੈ॥

(੩੭) ਸੁਰੋਂ ਕੇ ਸਿੱਧ ਕਰਨੇ ਕਾ ਕਾਯਦਾ ਕੈਸੇ ਹੈ॥

(੩੮) ਜੈਸੇ ਕਾਨੜਾ ੧੮ ਪ੍ਰਕਾਰ ਦਾ ਮਸ਼ਹੂਰ ਹੈ ਔਰ ਜੋ ਦਰਅਸਲ ੧੦ ਪ੍ਰਕਾਰ ਕਾ ਹੈ ਐਸੇ ਹੀ ਨੀਚੇ ਲਿਖੇ ਹੂਏ ਰਾਗ ਬਹੁਤ ਪ੍ਰਕਾਰ ਕੇ ਹੈਂ ਬਤਲਾ ਓਂ ਹਰ ਏਕ ਰਾਗ ਕਿਤਨੇ ਕਿਤਨੇ ਪ੍ਰਕਾਰ ਕਾ ਹੈ ਕਿਆ ਕਿਆ ਨਾਮ ਹੈ॥ ਯਥਾ ਭੇਰੂ ਰਾਗ ੧ ਪੂਰੀਆ ੨ ਸੋਰਠ ੩ ਪਟਮੰਜਰੀ ੪ ਗੋਰੀ ੫ ਦੇਵਸ਼ਾਖ ੬ ਲਲਤ ੭ ਕਮੋਦ ੮ ਕੇਦਾਰਾ ੯ ਜੈਜਾਵੰਤੀ ੧੦ ਮਾਲਸਰੀ ੧੧ ਅਸਾਵਰੀ ੧੨ ਬਿਹਾਗ ੧੩ ਗੂਜਰੀ ੧੪ ਪਰਜ ੧੫ ਧਨਾਸਰੀ ੧੬ ਗੌਰਾ ੧੭ ਬਿਲਾਬਲ ੧੮ ਟੋਡੀ ੧੯ ਨਾਟ ੨੦ ਮਲਾਰ ੨੧ ਸਾਰੰਗ ੨੨ ਕਲਯਾਣ ੨੩ ਸਯਾਮ ੨੪ ਕਾਨੜਾ ੨੫ ਸੰਕਰਾ ੨੬ ਜੀਜੋਟੀ ੨੭ ਖਮਾਏਚ ੨੮ ਕਹੋ ਯੇ ਰਾਗ ਏਕ ਏਕ ਕਿਤਨੇ ਕਿਸਮ ਕੇ ਹੈਂ॥

(੩੯) ਸਾਜ਼ੋਂ ਕੇ ਠਠ ਕਿਤਨੇ ਹੈਂ ਜਿਨਮੇ ਕੁੱਲ ਰਾਗ ਬਜ ਸਕੇਂ॥

(੪੦) ਬਾਜੇ ਕੈ ਪ੍ਰਕਾਰ ਕੇ ਹੈਂ॥

(੪੧) ਗਾਯਕ ਮੇ ਦੋਸ਼ ਕਿਤਨੇ ਹੈਂ॥

ਪ੍ਰਸਨ ਮੁਤਲਕ ਤਾਲਅਧਜਾਯ

(੪੨) ਤਾਲ ਕਿਸਕੋ ਕਹਿਤੇ ਹੈਂ ਤਾਲਕੀ ਉਤਪਤੀ ਕਹਾ ਸੇ ਹੈ, ਤਾਲ ਕਾ ਸਰੂਪ ਕਿਆ ਹੈ, ਤਾਲਕਾ ਕਾਲ ਪ੍ਰਮਾਣ ਕਿਆ ਹੈ, ਕਲਾ ਕਿਆ ਹੈ॥

(੪੩) ਮੰਦਲ ਕੇ ਅਖਰ ਕਿਤਨੇ, ਜੋੜੀ ਕੇ ਕਿਤਨੇ, ਹੈ॥

(੪੪) ਲੇਹ ਕਿਆ ਵਸਤੂ ਹੈ ਔਰ ਸਰੂਪ ਲਖਣ ਇਸਕਾ ਕਿਆ ਹੈ ਸਮ, ਬਿਸਮ ਸੇ ਲੇਕਰ ਗੁੰਛਾ ਤਕ ਕਿਤਨੇ ਪ੍ਰਕਾਰ ਕੀ ਲੇਹ ਹੈ ਔਰ ਇਨਕੇ ਨਾਮ ਔਰ ਸਰੂਪ ਕਿਆ ਕਿਆ ਹੈਂ ਜੁਦਾ ਜੁਦਾ ਲਖੂਣ ਜਾਹਰ ਕਰੇਂ।

(੪੫) ਮੁੱਖਤਾਲ ਕਿਤਨੇ ਹੈਂ ਔਰ ਉਨਕੇ ਨਾਮ ਕਿਆ ਕਿਆ ਹੈਂ ਆਗੇ ਉਨਕੇ ਭੇਦ ਕਿਤਨੇ ਔਰ ਨਾਮ ਕਿਆ ਕਿਆ ਹੈਂ॥

(੪੬) ਹਰੇਕ ਤਾਲ ਮੇਂ ਲਘੂ, ਦ੍ਰਤ, ਮਾਤ੍ਰਾ ਕਲਾ, ਬਿਰਾਮ ਦ੍ਰਤ, ਬਿਰਾਮ ਲਘੂ, ਸਮ, ਤਾਲ, ਪਲਟ, ਪਲੁਤ ਆਦੀ ਹੈਂ ਕਹੋ ਇਨਕਾ ਅਸਥਾਨ ਕੌਨਸਾ ਕੌਨਸਾ ਹੈ, ਪ੍ਰਮਾਣ ਇਨਕਾ ਕਿਆ ਹੈ ਸੰਖਜਾ ਕੈਸੇ ਹੈ॥ ਉਦਾਹਰਨ ਕੇ ਤੌਰ ਪਰ ਏਕ ਦੋ ਤਾਲੋਂ ਕਾ ਰੂਪ ਦਿਖਾਓ॥

(੪੭) ਕਿਸ ਕਿਸ ਤਾਲ ਕੀ ਗਤ ਬਜਾਈ ਜਾਤੀ ਹੈ ਔਰ ਕਿਸ ਕਿਸ ਤਾਲਕਾ ਕਾਯਦਾ ਪਰਣ ਬਜਾਤੇ ਹੈਂ, ਗਤ ਕਿਸ ਕਿਸ ਤਾਲ ਮੇ ਬਰਜਿਤ ਹੈ ਔਰ ਕਾਯਦਾ ਪਰਣ ਕਿਸ ਕਿਸ ਤਾਲਮੇ ਬਰਜਤ ਹੈ॥

(੪੮) ਗਵਈਏ ਜੋ ਪਖਾਵਜੀ ਸੇ ਜਗਾ ਮਾਗਤੇ ਹੈਂ ਸੋ ਵੋ ਜਗਾ ਕਾਯਦੇ ਕੇ ਅੰਦਰ ਕੈ ਪ੍ਰਕਾਰ ਕੀ ਹੈ ਔਰ ਹਰਏਕ ਤਾਲ ਕੇ ਕਿਸ ਕਿਸ ਅਸਥਾਨ ਮੇਂ ਵੋ ਜਗਾ ਲਗਤੀ ਹੈ, ਬੇ ਕਾਯਦਾ ਜਗਾ ਕੌਨਸੀ ਹੈ॥

(੪੯) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇ ਮਾਝ, ਤੁਖਾਰੀ, ਮਾਲੀ ਗੌੜਾ ਗਾਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਸੋਰਠ, ਸੂਹੀਲਲਤ ਇਤਜਾਦਿ ਰਾਗ ਰਾਗਨੀਆ ਜੁਗਲ ਹੈਂ ਯੇਹ ਕੈਸੇ ਹੈਂ

(੫੦) ਪਹਿਰਿਆਂ ਕੇ ਘਰ ਗਾਵਣਾ, ਇਆਨੜੀਏ ਕੇ ਘਰ ਗਾਵਣਾ, ਏਕਸੁਆਨ ਕੇ ਘਰ ਗਾਵਣਾ, ਕੁਚਜੀ, ਸੁਚਜੀ, ਗੁਣਵੰਤੀ, ਅਲਾਹਣੀਆਂ ਇਨਕਾ ਭੇਦ ਔਰ ਗਾਯਨ ਕਾ ਪ੍ਰਕਾਰ ਕੈਸੇ ਹੈ॥

(੫੧) ਛੰਦ ਕਿਤਨੇ ਪ੍ਰਕਾਰ ਕਾ ਹੈ, ਦੁਪਦਾ, ਤਿਪਦਾ, ਚੌਪਦਾ, ਪੰਚਪਦਾ, ਅਸ਼ਟਪਦੀ, ਸੋਲਹਾ, ਇਕ ਤੁਕਾ ਦੋ ਤੁਕਾ ਇਨਕੇ ਗਾਯਨ ਕਾ ਪ੍ਰਕਾਰ ਹੈ ਔਰ ਪੜਤਾਲ ਕਾ ਕਾਯਦਾ ਕਿਆ ਹੈ ਔਰ ਕੈ ਪ੍ਰਕਾਰ ਕੀ ਪੜਤਾਲ ਹੈ॥

(੫੨) ਨੌ ਵਾਰੋਂ ਕੋ ਨੌ ਧੁਨੀਓਂ ਕੇ ਊਪਰ ਗਾਇਨ ਕਰਨੇ ਕੀ .... ਗੁਰੂ ਸਾਹਿਬ ਕੀ ਹੈ ਸੋ ਧੁਨੀਓਂ ਕੇ ਗਾਯਨ ਕਾ ਪ੍ਰਕਾਰ, ਕਾਯਦਾ ..... ਕੌਨਸੀ ਧੁਨੀ ਕੌਨਸੇ ਤਾਲ ਮੇਂ ਲਗਾਈ ਜਾਤੀ ਹੈ, ੨੨ ਵਾਰ .......

(੫੩) ਗੁਰੂ ਗ੍ਰੰਥ ਸਾਹਿਬ ਜੀ ਮੇਂ ਘਰ ੧ ਸੇ ਘਰ ੧੭ ਸਤਾਰਾ ਹੈਂ ਸੋ ਯਹ ਘਰ ਕਿਆ ਹੈਂ, ਰਾਗ ਵਿਦਜਾ ਮੇਂ ਇਨਕਾ ਕਿਆ ਸੰਬੰਧ ਹੈ ਜੁਦਾ ਜੁਦਾ ਸਭ ਕਾ ਹਾਲ ਕਹੋ॥

(੫੪) ਪੌੜੀ ਜੋ ਸਬਦ ਕੇ ਭੋਗ ਪਰ ਵਾਰੋਂ ਮੇਂ ਸੇ ਲਗਾਈ ਜਾਤੀ ਹੈਂ ਵੋ ਕਿਤਨੀ ਹੈਂ, ਔਰ ਕੌਨਸਾ ਕੌਨਸਾ ਤਾਲ ਪੌੜੀ ਮੇਂ ਵਰਜਿਤ ਹੈ ਕਿਸ ਕਿਸ ਰਾਗ ਮੇਂ ਔਰ ਕਿਸ ਕਿਸ ਤਾਲ ਮੇ ਲਗਾਈ ਜਾਤੀ ਹੈਂ॥

(੫੫) ਆਸਾ ਕੀ ਵਾਰ ਕੀ ਪੌੜੀ ਮੇਂ ਵਾਹ ਲੇ ਵਾਹ ਯੇ ਤੁਕ ਤੁਕ ਮੇਂ ਕਹਾ ਜਾਤਾ ਹੈ ਇਸਕਾ ਅਰਥ ਔਰ ਪ੍ਰਯੋਜਨ ਕਿਆ ਹੈ॥ ॥ ਔਰ ਬਾਜ ਪੌੜਿਓਂ ਮੇਂ ਧੀਰੇ ਬਾਣਿਆ ਕਹਾ ਜਾਤਾ ਹੈ ਸੋ ਯੇ ਕਿਆ ਹੈ॥

(੫੬) ਗੁਰੂ ਗ੍ਰੰਥ ਸਾਹਿਬ ਜੀ ਮੇ ਮਹਲਾ ੧ ਯਾ ਮਹਲਾ ੫ ਆਦਿ ਕੇ ਨੀਚੇ ਬਾਰੀਕ ਕਲਮ ਸੇ ਲਿਖੇ ਹੂਏ ਏਕਾ ਆਦਿ ਅੰਕ ਹੈਂ ਕਹੋ ਯੇ ਕਿਆ ਹੈ॥

ਇਤਜਾਦਿ ਰਾਗ ਵਿਦਜਾ ਕੇ ਮੁਤਲਕ ਅਨੇਕ ਪ੍ਰਸਨ ਹੈਂ ਲੇਕਨ ਮੈਨੇ ਸਿਰਫ ਜ਼ਰੂਰੀ ਜਰੂਰੀ ਪ੍ਰਸ਼ਨ ਲਿਖਕਰ ਆਪਕੀ ਸੇਵਾ ਮੇ ਸਮਰਪਣ ਕੀਏ ਹੈਂ ਔਰ ਗੁਰੂ ਘਰ ਮੇ ਰਾਗ ਵਿਦਜਾ ਕੇ ਮੁਤਲਕ ਗ੍ਰੰਥ ਕੀ ਬੜੀ ਭਾਰੀ ਜਰੂਰਤ ਹੈ ਔਰ ਦਾਸ ਨੇ ਏਕ ਅਰਸੇ ਸੇ ਏਕ ਗ੍ਰੰਥ ਤਜਾਰ ਕੀਆ ਹੈ ਉਮੀਦ ਹੈ ਕਿ ਸ੍ਰੀ ਵਾਹਿਗੁਰੂ ਜੀ ਕੀ ਕ੍ਰਿਪਾ ਸੇ ਜਲਦੀ ਹੀ ਛਪ ਕਰ ਆਪ ਕੀ ਸੇਵਾ ਮੇਂ ਸਮਰਪਣ ਹੋਗਾ॥

(ਨੋਟ) ਕ੍ਰਿਪਾ ਸਦ੍ਰਿਸਟੀ ਸੇ ਉਤ੍ਰ ਛੇ ਮਹੀਨੇ ਤਕ ਭੇਜ ਕਰ ਕ੍ਰਿਤਾਰਥ ਕਰੇਂ॥

ਖਾਲਸਾ ਜੀ ਦਾ ਸੇਵਕ

ਭਾਈ ਸਾਹਿਬ ਸਿੰਘ ਮੁਲਾਜਮ ਰਯਾਸਤ ਨਾਭਾ

# ਹਰਿਮੰਦਰ ਸਾਹਿਬ ਵਿਚ ਪ੍ਰਭੂ ਦੇ ਪਿਆਰ ਦਾ ਇਕ ਅਨੋਖਾ ਨਜ਼ਾਰਾ

ਬੇਖਰੀਦ ਗੁਲਾਮ *

ਵਾਹਿਗੁਰੂ ਦੀ ਖੇਡ ਹਮੇਸ਼ਾਂ ਹੀ ਬਿਅੰਤ ਤੇ ਬੜੇ ਚੋਜਾਂ ਵਾਲੀ ਹੁੰਦੀ ਹੈ, ਪਰ ਕਦੇ-ਕਦੇ ਉਸ ਦੀ ਹਜ਼ੂਰੀ ਇਤਨੀ ਪ੍ਰਬਲ ਹੋ ਜਾਂਦੀ ਹੈ ਕਿ ਕਬੀਰ ਸਾਹਿਬ ਦੀਆਂ ਗੱਲਾਂ- ਕਿ ਮੈਂ ਉਸਦੇ ਸਿੰਘਾਸਨ ਤੇ ਜਾ ਬੈਠਾ ਹਾਂ ਤੇ ਲੋਕੀ ਪਛਾਣ ਨਹੀਂ ਸਕਦੇ ਕਿ ਰਾਮ ਕੌਣ ਹੈ ਤੇ ਕਬੀਰ ਕੌਣ, ਯਾ ਫਿਰ, ਜਦੋਂ ਮੇਰਾ ਮਨ ਨਿਰਮਲ ਹੋ ਗਿਆ ਤਾਂ ਰਾਮ ਮੇਰੇ ਪਿਛੇ-ਪਿਛੇ ਭਜਦਾ ਹੈ-ਦੀ ਸਚਾਈ ਆਪਣੇ-ਆਪ ਮਨ ਨੂੰ ਟੁੰਬ ਲੈਂਦੀ ਹੈ।

13-5-99 ਨੂੰ ਗੁਰੂ ਨੇ ਕਿਰਪਾ ਕੀਤੀ, ਅਚਾਨਕ ਟਾਂਡਾ (ਹੁਸ਼ਿਆਰਪੁਰ) ਰੁਕੇ ਸਾਂ ਕਿ ਇੱਕ family ਨਾਲ ਹਰਿਮੰਦਰ ਸਾਹਿਬ ਜਾਣ ਦਾ ਪ੍ਰੋਗਰਾਮ ਬਣ ਗਿਆ। ਮੇਰੇ ਨਾਲ ਸਨ, ਮੇਰੀ Tamil ਬੇਟੀ ਰਾਜੂ ਤੇ ਪੰਜਾਬੀ ਬੇਟੀ ਸੁਨੀਤਾ, ਜੋ ਮੇਰੇ ਨਾਲ ਕੀਰਤਨ ਕਰਦੀਆਂ ਹਨ। ਗੁਰੂ ਦੇ ਹਜ਼ੂਰ ਬੈਠਿਆਂ-ਬੈਠਿਆਂ ਦੋ ਸ਼ਬਦਾਂ ਨੇ ਅੰਦਰ ਹਲਚਲ ਮਚਾ ਦਿਤੀ। ਇਨ੍ਹਾਂ ਬਾਰੇ ਤਾਂ ਥੋੜੀ ਦੇਰ ਬਾਅਦ ਲਿਖਦਾ ਹਾਂ, ਪਰ ਜੋ ਵਿਚਾਰ ਗੁਰੂ ਗ੍ਰੰਥ ਸਾਹਿਬ ਵਿਚ ਆਏ, ਉਨ੍ਹਾਂ ਨੇ ਗੁਰੂ ਦਾ ਹੱਥ ਮੇਰੇ ਸਿਰ ਤੇ ਮਜਬੂਤੀ ਨਾਲ ਰੱਖ ਦਿੱਤਾ, ਜਿਵੇਂ ..."ਵਿਚਹੁ ਮਾਰਿ ਕਢੀਆਂ ਬੁਰਿਆਈਆ" ਕਰ ਰਹੇ ਹੋਣ। ਜਦੋਂ ਮੈਂ ਕੀਰਤਨੀਆਂ ਵਲ ਤੇ ਗੁਰੂ ਗ੍ਰੰਥ ਸਾਹਿਬ ਵਲ ਟਿਕਟਕੀ ਲਗਾ ਕੇ ਦੇਖ ਰਿਹਾ ਸੀ ਤਾਂ ਘੜੀ-ਘੜੀ, ਇਕ ਸੇਵਾਦਾਰ ਜੋ ਤਾਬਿਆ ਵਿਚ ਭਾਈ ਸਾਹਿਬ ਦੇ ਖੱਬੇ ਬੈਠਾ ਸੀ ਤੇ ਦੂਜਾ, ਜੋ ਮੱਥਾ ਟੇਕਣ ਵਾਲਿਆਂ ਦੇ ਨੇੜੇ ਬੈਠਾ ਸੀ, ਮੇਰੇ ਉਤੇ ਗੁਰੂ ਦੀ ਮਿਹਰ ਦੀ ਬਿਅੰਤਤਾ ਦਾ ਧਿਆਨ ਦਿਵਾਣ ਲਗੇ। ਇਕ ਤਾਂ, ਲੋਕਾਂ ਵਲੋਂ ਭੇਟ ਕੀਤੇ ਰੁਮਾਲੇ ਗੁਰੂ ਗ੍ਰੰਥ ਨਾਲ ਛੋਹ ਕੇ ਰਖੀ ਜਾਂਦਾ ਸੀ ਤੇ ਦੂਜਾ, ਥੋੜੀ-ਥੋੜੀ ਦੇਰ ਬਾਦ ਨੋਟ ਚੁਕ ਕੇ ਗੋਲਕ ਵਿਚ ਪਾਂਦਾ ਤੇ ਛੁਰੀ ਨਾਲ ਅੰਦਰ ਧਕਦਾ ਦਿਸ ਰਿਹਾ ਸੀ। ਕੋਈ ਪ੍ਰਸ਼ਾਦ ਲੈ-ਲੈ ਕੇ ਡੂੰਨਿਆਂ ਵਿਚ ਵਾਪਸ ਕਰ ਰਿਹਾ ਸੀ ਤੇ ਕੋਈ ਬਹੁਤੇ ਪੈਸੇ ਦੇਣ ਵਾਲਿਆਂ ਨੂੰ ਪਤਾਸੇ ਦਾ ਪ੍ਰਸ਼ਾਦ ਦੇ ਰਿਹਾ ਸੀ। ਇਕ ਹੋਰ, ਗੁਰੂ ਗ੍ਰੰਥ ਸਾਹਿਬ ਦੇ ਉਪਰ ਪਏ ਰੁਮਾਲੇ ਦੇ ਵੱਟ ਠੀਕ ਕਰ ਰਿਹਾ ਸੀ ਅਤੇ ਅਤਰ ਛਿੜਕ ਰਿਹਾ ਸੀ। ਮੇਰੇ ਮਨ ਵਿਚ ਆਇਆ, ਸਾਹਿਬਾ, ਇਹ ਲੋਕ ਬੋਰ ਨਹੀਂ ਹੁੰਦੇ ਹੋਣਗੇ? ਹੋ ਸਕਦਾ ਹੈ, ਉਨ੍ਹਾਂ ਅੰਦਰ ਸ਼ਰਧਾ ਤੇ ਪ੍ਰੇਮ ਮੇਰੇ ਨਾਲੋਂ ਕਈ ਗੁਣਾ ਵਧ ਹੋਵੇ, ਪਰ duty ਕਿਤਨੀ boring ਤੇ ਪ੍ਰੇਮਹੀਨ ਲਗਦੀ ਹੈ। ਜੇ ਵੱਟ ਕਢਣ ਨਾਲੋਂ, ਰੁਮਾਲਾ ਛੋਹਣ ਨਾਲੋਂ, ਗੋਲਕ ਵਿਚ ਪੈਸੇ ਪਾਣ ਨਾਲੋਂ, ਕੜਾਹ ਲੈਣ ਤੇ ਵੰਡਣ ਨਾਲੋਂ, ਗੋਲਕ ਵਿਚ ਪੈਸੇ ਪਾਣ ਨਾਲੋਂ, ਕੜਾਹ ਪ੍ਰਸ਼ਾਦ ਲੈਣ ਤੇ ਵੰਡਣ ਨਾਲੋਂ, ਤਨ-ਮਨ ਗੁਰੂ ਨਾਲ ਛੋਹਣ ਦੀ 24 ਘੰਟੇ duty ਲੱਗ ਜਾਵੇ ਤਾਂ ਕਮਾਲ ਹੀ ਹੋ ਜਾਏ। ਅਪਣੇ ਵਲ ਧਿਆਨ ਚਲਾ ਗਿਆ, ਮੈਂ ਕੀ ਕਰਦਾ ਹਾਂ ਤੇ ਗੁਰੂ ਚਰਨਾਂ ਵਿਚ ਸ਼ੁਕਰਾਨੇ ਨਾਲ ਸਿਰ ਝੁਕ ਗਿਆ। ਮੇਰੀ ਇਕੋ-ਇਕੋ duty ਹੈ ਸਾਹਿਬਾ, ਤੇਰੇ ਗੁਰੂ ਚਰਨਾਂ ਦੇ ਆਸ਼ਰਮ ਵਿਚ ਰਹਿਣਾ ਤੇ ਮੇਰੇ ਪਿਆਰ ਵਿਚ ਤੇਰੇ ਗੀਤ ਗਾਣੇ, ਤੇਰੀਆਂ ਬਾਤਾਂ ਸਾਂਝੀਆਂ ਕਰਨ ਲਈ ਸਫਰ ਕਰਨਾ ਤੇ ਲੋਕਾਂ ਦੇ ਦਿਲਾਂ ਨੂੰ ਤੇਰੇ ਪਿਆਰ ਨਾਲ ਛੋਹ ਲੈਣਾ। ਕਮਾਲ ਹੈ, ਮੈਂ ਉਹੀ ਕੁਝ ਕਰਦਾ ਹਾਂ ਜੋ ਤੂੰ ਕਰਾਂਦਾ ਹੈਂ, ਪਰ ਸਵਾਦੀ ਇਹ ਗਲ ਹੈ ਕਿ ਜੋ ਤੂੰ ਕਰਾਂਦਾ ਹੈ, ਮੇਰੇ ਤਨ-ਮਨ ਨੂੰ ਚੰਗਾ ਲਗਦਾ ਹੈ।

ਇਸ ਖੇੜੇ ਵਿਚ ਸਾਂ ਕਿ ਰਾਗੀ ਸਿੰਘਾਂ ਨੇ ਸ਼ਬਦ ਸ਼ੁਰੂ ਕਰ ਦਿਤਾ-"ਮੇਰਾ ਟਾਂਡਾ ਲਾਦਿਆ ਜਾਇ ਰੇ (ਪੰਨਾ 345-ਭਗਤ ਰਵਿਦਾਸ ਜੀ)। ਮੈਂ ਸੋਚੀਂ ਪੈ ਗਿਆ ਕਿ ਸਚਮੁਚ ਮੈਂ ਵੀ ਵਪਾਰ ਕਰਦਾ ਹਾਂ ਸਵਾਸਾਂ ਦੀ ਪੂੰਜੀ ਦਾ ਤੇ ਪੁਛਦਾ ਹਾਂ, ਕੋਈ ਹੈ ਮੇਰੇ ਨਾਲ ਵਪਾਰ ਕਰਨ ਵਾਲਾ ਗੁਰਸਿਖ ਪਿਆਰਾ, ਕਿਉਂਕਿ ਜਿਵੇਂ ਸੜਕ ਬੜੀ ਉਬੜ-ਖਾਬੜ ਸੀ ਤੇ ਸਾਡੀ ਕਾਰ ਹੇਠਾਂ-ਉਤੇ ਨੱਚਦੀ ਸੀ, ਤਿਵੇਂ ਹੀ ਦੁਨੀਆਂ ਵਿਚ ਰਹਿੰਦਿਆਂ ਗੁਰੂ ਨੂੰ ਯਾਦ ਕਰਨ ਦਾ ਰਸਤਾ ਡਾਢਾ ਔਖਾ ਤੇ ਭੁਲ-ਭੁਲੱਈਆਂ ਵਾਲਾ ਹੈ, ਔਕੜਾਂ ਭਰਿਆ ਹੈ, ਨਾਲੇ ਮੇਰਾ ਮਨ ਹੰਕਾਰੀ ਬੈਲ ਵਾਂਗਰ ਹੈ, ਜ਼ਰੂਰ ਮੈਨੂੰ ਗਿਰਾਏਗਾ, ਅਪਣੇ ਆਪ ਅਰਦਾਸ ਨਿਕਲੀ, ਕੋਈ ਗੁਰਸਿਖ ਪਿਆਰਾ, ਕੋਈ ਸੰਤ ਪਿਆਰਾ, ਮੇਰਾ ਗੁਰੂ ਮੇਰੇ ਨਾਲ ਸਤਿਸੰਗ ਕਰੇ ਤਾਂ ਜੋ ਮੈਂ ਸਹਿਜ ਵਿਚ ਰਹਿ ਸਕਾਂ, ਹੰਕਾਰ ਨਾ ਜਤਾਵਾਂ, ਮਰ ਮਿਟ ਜਾਵਾਂ, ਤੇ ਅਪਣੇ ਗੁਰੂ ਅੱਗੇ ਬੇਨਤੀਆਂ ਕਰਦਾ ਰਹਵਾਂ-ਮੇਰੀ ਸਵਾਸਾਂ ਦੀ ਪੂੰਜੀ ਨੂੰ ਲੁਟਣ ਨਾ ਦੇਵੀਂ। ਵਾਹਿਗੁਰੂ ਦੀ ਹਜ਼ੂਰੀ ਦਾ ਰੰਗ ਚੜ੍ਹ ਗਿਆ, ਜਿਹੜਾ ਗੁਰੂ ਨੇ ਆਪਣੇ ਸਾਥੀਆਂ ਨਾਲ ਅੰਮ੍ਰਿਤ ਵੇਲੇ ਤੇ ਸ਼ਾਮ ਦਾ ਲਗਾਤਾਰ ਸਤਿਸੰਗ ਬਖਸ਼ਿਆ, ਉਨ੍ਹਾਂ ਦੀ ਯਾਦ

* ਭਗਵੰਤ ਸਿੰਘ ਦਲਾਵਰੀ, ਤਪੋਵਨ, ਅਮਰਾਵਤੀ - 444 602 (ਮਹਾਂਰਾਸ਼ਟਰ)

ਕਰਦਿਆਂ ਸਹਿਜ ਦਾ ਵਪਾਰ ਚੇਤੇ ਆਇਆ ਤੇ ਮਹਿਸੂਸ ਹੋਣ ਲਗਾ ਕਿ ਅਸੀਂ ਤਾਂ ਹਰੀ ਨਾਮ ਦਾ ਧਨ ਲੱਦ ਕੇ ਲੈ ਜਾਵਾਂਗੇ ਭਾਵੇਂ ਲੋਕੀ ਬਾਹਰ ਦੇ ਰਿਵਾਜਾਂ ਵਿਚ, ਫੁਲ ਚੜ੍ਹਾਵਨ ਵਿਚ, ਰੁਮਾਲੇ ਭੇਟਾ ਕਰਨ ਵਿਚ, ਸੋਨੇ ਦੇ ਕਲਸ਼ ਲਗਾਣ ਵਿਚ ਤੇ ਹੋਰ ਬਾਹਰ ਦੇ ਕਰਮਕਾਡਾਂ ਵਿਚ, ਮਾਇਆ ਵਿਚ ਫਸੇ ਰਹਿਣਗੇ। ਮਨ ਮੰਨ ਗਿਆ ਕਿ ਜੇ ਗੁਰੂ ਕਿਰਪਾ ਕਰੇ, ਸਾਡੀ ਮਤਿ ਨਾ ਮਾਰੀ ਜਾਏ ਤਾਂ ਅਸੀਂ ਵੀ ਚਿਤਰਗੁਪਤ ਨੂੰ ਕਹਿ ਸਕਦੇ ਹਾਂ-ਜੋ ਲਿਖਣਾ ਹੈ ਲਿਖ ਲੈ, ਅਸੀਂ ਤਾਂ ਗੁਰੂ ਚਰਨਾਂ ਦੇ ਆਸ਼ਰਮ ਵਿਚ ਬੈਠੇ ਹਾਂ। ਸਾਡਾ ਤਾਂ ਜਮ ਵੀ ਕੁਝ ਨਹੀਂ ਬਿਗਾੜ ਸਕਦਾ ਕਿਉਂਕਿ ਭਗਤ ਰਵਿਦਾਸ ਦੀ ਜਬਾਨੀ ਸਾਨੂੰ ਗੁਰੂ ਨੇ ਸਮਝਾ ਦਿੱਤਾ ਹੈ ਕਿ ਦੁਨੀਆਂ ਦੇ ਪਟਾਖੇ ਵਰਗੇ ਚਟਪਟੇ ਰੰਗ ਸਿਰਫ ਕੱਚੇ ਹੀ ਨਹੀਂ, ਕਲੇਜਾ ਵੀ ਸਾੜਦੇ ਹਨ। ਆਪਣੇ ਰਮਈਏ ਦੇ ਗੂੜ੍ਹੇ ਰੰਗ ਵਿਚ ਰੰਗੇ ਰਹਿਣਾ ਹੀ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਭੂ ਦੇ ਪਿਆਰ ਨੂੰ ਮਾਣਨਾ ਹੈ।

ਅਜੇ ਇਸ ਅਨੰਦ ਦੀ ਜੁਗਾਲੀ ਕਰ ਰਿਹਾ ਸਾਂ ਤਾਂ ਇਕ ਹੋਰ ਸ਼ਬਦ "ਪੂਜਹ ਰਾਮੁ ਏਕ ਹੀ ਦੇਵਾ" (ਭਗਤ ਕਬੀਰ ਜੀ, ਪੰਨਾ 484) ਸ਼ੁਰੂ ਹੋਇਆ। ਕਿਸ ਤਰ੍ਹਾਂ ਪ੍ਰਭੂ ਨੇ ਸਾਡੇ ਤੇ ਕਿਰਪਾ ਕਰਕੇ ਪੂਰੀ ਤਰ੍ਹਾਂ ਇਹ ਵਹਿਮ ਖਤਮ ਕਰ ਦਿਤਾ ਹੈ ਕਿ ਤੀਰਥਾਂ ਦੇ ਇਸ਼ਨਾਨ, ਕਿਸੇ ਥਾਂ ਵਿਸ਼ੇਸ਼ ਦੀ ਪਵਿੱਤ੍ਰਤਾ ਯਾ ਅਪਵਿਤ੍ਰਤਾ ਯਾ ਹੋਰ ਕੋਈ ਬਾਹਰਲੇ ਕਰਮਕਾਂਡ ਇਨਸਾਨ ਨੂੰ ਪ੍ਰਭੂ ਨਾਲ ਜੋੜਨ ਦਾ ਸਬੰਧ ਰਖਦੇ ਹਨ, ਉਥੇ ਤਾਂ "ਸਚੇ ਹੀ ਸਚਿ ਨਿਬੜੇ" ਦਾ ਅਸੂਲ ਕੰਮ ਕਰਦਾ ਹੈ। ਕਦੇ ਕਿਸੇ ਤੀਰਥ ਤੇ ਜਾਣ ਦਾ ਦਿਲ ਨਹੀਂ, ਕਦੇ ਕੋਈ ਦਿਹਾੜਾ ਮਨਾਣ ਦਾ ਦਿਲ ਨਹੀਂ ਕਰਦਾ, ਕਦੇ ਕਿਸੇ ਥਾਂ ਨੂੰ ਪਵਿਤ੍ਰ ਨਹੀਂ ਸਮਝਦੇ ਇਸ ਲਈ ਕਿ ਉਥੇ ਜਾਣ ਨਾਲ, ਯਾ ਕਿਸੇ ਖਾਸ ਦਿਨ ਪ੍ਰਭੂ ਦਾ ਮੇਲ ਹੋਵੇਗਾ। ਕਬੀਰ ਜੀ ਵਾਂਗ ਸ਼ੌਕ ਉਠਦਾ ਹੈ ਕਿ ਹੜੰਬੇ ਮਾਰੀਏ ਤਾਂ ਵੀ ਸਵਰਗਾਂ ਨੂੰ ਜਾਈਏ। ਹੇਮਕੁੰਡ ਸਾਹਿਬ ਜਾਂਦੇ ਰਹੀਏ ਤੇ ਨਾਲ ਸ਼ਰਾਬਾਂ ਵੀ ਨਾ ਛੱਡੀਏ ਤੇ ਬੇਈਮਾਨੀ ਵੀ ਕਰਦੇ ਰਹੀਏ, ਇਸ ਨਾਲ ਸਾਡਾ ਕੁਝ ਨਹੀਂ ਬਣੇ ਗਾ।

ਇਕ ਹੋਰ ਖਿਆਲ, ਬੜਾ ਪੁਰਾਣਾ ਯਾਦ ਆਇਆ ਜਿਥੇ ਮੇਰਾ ਵੱਡਾ ਭਰਾ ਨੌਕਰੀ ਕਰਦਾ ਸੀ, ਉਹ ਆਪਣੇ ਅਫਸਰ ਦੀ ਹਰ ਗੱਲ "Yes Sir" ਕਰਕੇ ਮੰਨਦਾ ਸੀ ਤੇ ਕਹਿੰਦਾ ਸੀ-ਇਕ ਦੀ ਗੱਲ ਮੰਨਦੇ ਜਾਉ ਤੇ ਸਾਡੇ ਦਫਤਰ ਦੇ ਹੋਰ ਬੰਦਿਆਂ ਤੇ ਹੁਕਮ ਚਲਾ ਸਕਦੇ ਹੋ। ਕਿਤਨਾ ਸਚ ਤੇ ਠੀਕ ਚਲ ਰਿਹਾ ਸੀ ਕਿ ਇਕ ਗੁਰੂ ਦੀ ਗੁਲਾਮੀ ਕਰ ਲਵੋ ਤਾਂ ਸਾਰੀ ਦੁਨੀਆਂ ਤੇ ਹੁਕਮ ਚਲਾ ਸਕਦੇ ਹੋ। ਪਰ ਹੋਰ ਕਮਾਲ ਇਹ ਹੈ ਕਿ ਜਿਥੇ ਮੇਰੇ ਤਰ੍ਹਾਂ ਦੀ ਨੌਕਰੀ ਵੀ ਝੂਠ, ਬੇਈਮਾਨੀ ਤੇ ਨਜਾਇਜ਼ ਗੱਲਾਂ ਵੀ ਹੋ ਸਕਦੀਆਂ ਸਨ, ਪਰ ਮੇਰੇ ਗੁਰੂ ਦੀ ਨੌਕਰੀ ਵਿਚ-ਸਭ ਦੀ ਚਰਨਧੂੜ, ਸਰਬੱਤ ਦਾ ਭਲਾ, ਸਭ ਨਾਲ ਪਿਆਰ, ਪੂਰਨ ਨਿਮਰਤਾ, ਪੂਰਨ ਸਚਾਈ ਤੇ ਜਿਨ੍ਹਾਂ ਤੇ ਹੁਕਮ ਚਲਾਂਦੇ ਹਾਂ, ਉਨ੍ਹਾਂ ਦੇ ਵੀ ਚਰਨ ਪਕੜਨ ਨੂੰ ਜੀਅ ਕਰਦਾ ਹੈ। ਕਦੇ ਸੁਝਦਾ ਹੀ ਨਹੀਂ ਕਿ ਅਸੀਂ ਕੁਝ ਹਾਂ। ਮੇਰਾ ਭਰਾ ਵੀ ਮਰ ਗਿਆ, ਉਸਦਾ ਅਫਸਰ ਵੀ ਤੇ ਉਸਦੇ office ਦੇ ਲੋਕ ਵੀ ਮਰ ਗਏ, ਪਰ ਮੇਰਾ ਸਾਹਿਬ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਹਮੇਸ਼ਾ ਰਹੇਗਾ ਤੇ ਮੈਨੂੰ ਕਦੇ ਮਰਨ ਨਹੀਂ ਦੇਵੇਗਾ। ਸਰੀਰ ਮਰੇਗਾ, ਮੈਂ ਤਾਂ ਨਹੀਂ ਮਰਨਾ ਤੇ ਸਰੀਰ ਦੀ ਮੌਤ ਦੇ ਬਾਦ ਵੀ ਗੁਰੂ ਹਮੇਸ਼ਾ-ਹਮੇਸ਼ਾ ਮੇਰਾ ਸਾਥ ਦੇਂਦਾ ਰਹੇਗਾ। ਆਪਣੇ ਆਪ ਹੀ ਮੂੰਹੋ ਨਿਕਲ ਗਿਆ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ■

HOTEL AROMA COMPLEX

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

# ਗੁਰਬਾਣੀ ਵਿਚ ਨਿਮਰਤਾ ਦਾ ਸੰਕਲਪ

ਡਾ. ਮੇਵਾ ਸਿੰਘ ਸਿੱਧੂ *

ਸੰਸਾਰ ਦੇ ਧਰਮਾਂ ਦਾ ਅਧਿਅਨ ਕਰਨ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੈ ਕਿ ਹਰੇਕ ਧਰਮ ਦੇ ਆਗੂ ਵਲੋਂ ਨਿਮਰਤਾ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਸਲ ਵਿਚ ਨਿਮਰਤਾ ਇਕ ਅਜੇਹਾ ਨੈਤਿਕ ਗੁਣ ਹੈ ਜਿਹੜਾ ਜੀਵਨ ਦੀ ਕਿਸੇ ਵੀ ਵੱਡੀ ਤੋਂ ਵੱਡੀ ਔਕੜ ਨੂੰ ਹਲ ਕਰਨ ਦੇ ਸਮਰੱਥ ਹੈ। ਇਹ ਠੀਕ ਹੈ ਕਿ ਆਚਾਰ ਸ਼ਾਸਤਰ ਦੇ ਅੰਤਰਗਤ ਮਨੁੱਖੀ ਰਹਿਤ ਨੂੰ ਵੇਖਣ ਪਰਖਣ ਦੇ ਢੰਗ ਤਰੀਕੇ ਵੱਖ ਵੱਖ ਧਰਮਾਂ ਵੱਲੋਂ ਵੱਖੋ ਵੱਖਰੇ ਦਰਸਾਏ ਗਏ ਹਨ। ਪਰ ਸਾਰੇ ਹੀ ਧਰਮਾਂ ਅੰਦਰ ਜਿਹੜੀ ਸਭ ਤੋਂ ਵੱਡੀ ਸਾਂਝ ਹੈ ਉਹ ਇਹ ਹੈ ਕਿ ਮਨੁੱਖ ਲਈ ਜੀਵਨ ਵਿਚ ਵਿਚਰਦਿਆਂ ਕੀ ਕੁਝ ਕਰਨ ਯੋਗ ਹੈ ਅਤੇ ਕੀ ਕੁਝ ਤਿਆਗਣਯੋਗ ਹੈ। ਮਨੁੱਖਾ ਜੀਵਨ ਵਿਚ ਵਿਚਰਦਿਆਂ ਜੋ ਕੁਝ ਕਰਨ ਯੋਗ ਹੈ ਤੇ ਮਨੁੱਖ ਦੇ ਆਤਮਿਕ ਕਲਿਆਣ ਲਈ ਲਾਭਕਾਰੀ ਹੈ ਉਸੇ ਨੂੰ ਨੈਤਿਕ ਚੰਗਿਆਈ ਅਥਵਾ ਨੈਤਿਕ ਗੁਣ ਵਜੋਂ ਸਵੀਕਾਰਿਆ ਗਿਆ ਹੈ। ਜਿਸ ਕਾਰਜ ਨਾਲ ਮਾਨਵ ਸਮਾਜ ਲਈ ਕੋਈ ਲਾਭਕਾਰੀ ਸਿੱਟੇ ਸਾਹਮਣੇ ਨਹੀਂ ਆਉਂਦੇ ਉਹ ਕਾਰਜ ਬੁਰਾਈ ਹੈ ਅਨੈਤਿਕ ਕਾਰਜ ਹੈ ਅਤੇ ਤਿਆਗਯੋਗ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨੇਕੀ ਅਤੇ ਬਦੀ ਚੰਗਿਆਈ ਅਤੇ ਬੁਰਾਈ ਦੋ ਅਜੇਹੇ ਤੱਤ ਹਨ ਜਿਹੜੇ ਮਨੁੱਖ ਲਈ ਅਤਿ ਅਵੱਸ਼ਕ ਹਨ। ਅਧਿਆਤਮਕ ਸ਼ਬਦਾਵਲੀ ਵਿਚ ਇਨ੍ਹਾਂ ਨੂੰ ਪਾਪ ਪੁੰਨ ਕਿਹਾ ਜਾਂਦਾ ਹੈ ਅਤੇ ਆਚਾਰ ਸ਼ਾਸਤਰ ਇਨ੍ਹਾਂ ਨੂੰ ਗੁਣ ਅਤੇ ਔਗੁਣ ਦੇ ਸੰਕੇਤ ਨਾਲ ਵਿਅਕਤ ਕਰਦਾ ਹੈ। ਨੇਕੀ ਅਤੇ ਬਦੀ ਦਾ ਸੰਘਰਸ਼ ਆਦਿ ਕਾਲ ਤੋਂ ਹੀ ਚਲਿਆ ਆਉਂਦਾ ਹੈ। ਇਸ ਵਿਚ ਨੇਕੀ ਹਾਰਕੇ ਵੀ ਆਪਣੀ ਖ਼ੁਸ਼ਬੂ ਛਡ ਜਾਂਦੀ ਹੈ ਜਦੋਂ. ਕਿ ਬਦੀ ਦੀ ਵਕਤੀ ਜਿਤ ਵਿਚ ਵੀ ਉਸ ਦਾ ਵਿਨਾਸ਼ ਲੁਪਤ ਹੁੰਦਾ ਹੈ।

ਆਮ ਕਰਕੇ ਕਿਹਾ ਇਹ ਜਾਂਦਾ ਹੈ ਕਿ ਗੁਣਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਔਗੁਣਾਂ ਦਾ ਤਿਆਗ ਕਰਨਾ ਚਾਹੀਦਾ ਹੈ।

**ਸਾਂਝ ਕਰੀਜੈ ਗੁਣਾ ਕੇਰੀ ਛਾਡ ਅਵਗੁਣ ਚਲੀਐ॥**

ਪਰ ਇਹ ਦੋਨੋਂ ਤੱਤ ਮਨੁੱਖਾ ਜੀਵਨ ਨਾਲ ਇਸ ਤਰ੍ਹਾਂ ਓਤਪੋਤ ਹਨ ਕਿ ਇਨ੍ਹਾਂ ਨੂੰ ਨਿਖੇੜਕੇ ਦੇਖਣਾ ਕਠਨ ਹੀ ਨਹੀਂ ਸਗੋਂ ਅਸੰਭਵ ਜਾਪਦਾ ਹੈ ਕਿਉਂਕਿ ਬੁਰਾਈ ਤੋਂ ਬਿਨਾਂ ਚੰਗਿਆਈ, ਪਾਪ ਤੋਂ ਬਿਨਾਂ ਪੁੰਨ, ਬਦੀ ਤੋਂ ਬਿਨਾਂ ਨੇਕੀ ਦੀ ਸਾਰਥਕਤਾ ਦਾ ਅਨੁਭਵ ਨਹੀਂ ਹੋ ਸਕਦਾ। ਇਸ ਤਰ੍ਹਾਂ ਨਿਮਰਤਾ ਵੀ ਇਕ ਅਜੇਹਾ ਨੈਤਿਕ ਗੁਣ ਹੈ ਤੇ ਹਉਮੈ ਔਗੁਣ। ਇਹ ਦੋਨੋਂ ਇਕ ਦੂਜੇ ਦੇ ਵਿਰੋਧੀ ਤੱਤ ਹਨ ਅਤੇ ਇਨ੍ਹਾਂ ਦੀ ਪਹਿਚਾਣ ਵੀ ਇਨ੍ਹਾਂ ਵਿਚਲੇ ਵਿਰੋਧੀ ਕਾਰਜਾਂ ਤੋਂ ਹੀ ਹੁੰਦੀ ਹੈ।

ਜਦੋਂ ਅਸੀਂ ਨੈਤਿਕ ਚੰਗਿਆਈਆਂ ਦੀ ਨਿਰਖਪਰਖ ਦੀ ਗੱਲ ਕਰਦੇ ਹਾਂ ਤਾਂ ਮਨੁੱਖ ਦੇ ਰੂਪ ਵਿਚ ਸਾਡੇ ਸਾਹਮਣੇ ਉਸਦੇ ਵਿਅਕਤੀਗਤ ਅਤੇ ਸਮਾਜਕ ਮਾਪਦੰਡ ਆਉਂਦੇ ਹਨ। ਮਨੁੱਖ ਇਕ ਸਮਾਜਕ ਪ੍ਰਾਣੀ ਹੈ ਤੇ ਸਮਾਜ ਵਿਚ ਹੀ ਰਹਿਣਾ ਪਸੰਦ ਕਰਦਾ ਹੈ। ਇਸ ਲਈ ਉਸਦਾ ਹਰੇਕ ਕਾਰਜ ਕਿਵੇਂ ਨਾ ਕਿਵੇਂ ਸਮਾਜਕ ਕਾਰਜਾਂ ਨਾਲ ਜੁੜਿਆ ਹੁੰਦਾ ਹੈ। ਇਹ ਠੀਕ ਹੈ ਕਿ ਮਨੁੱਖ ਦੀਆਂ ਵਿਅਕਤੀਗਤ ਚੰਗਿਆਈਆਂ ਤੇ ਉਸ ਦੇ ਵਿਅਕਤੀਗਤ ਆਚਾਰ ਦਾ ਸਬੰਧ ਉਸਦੇ ਆਪਣੇ ਨਿਜ ਨਾਲ ਹੀ ਹੁੰਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਮਨੁੱਖੀ ਸਰੀਰ ਅਤੇ ਮਨੁੱਖੀ ਸਖਸ਼ੀਅਤ ਦੇ ਗੌਰਵ ਨੂੰ ਸਥਾਪਤ ਕੀਤਾ ਗਿਆ ਹੈ। ਮਨੁੱਖਾ ਜਨਮ ਸਭ ਤੋਂ ਉਤਮ ਮੰਨਿਆ ਗਿਆ ਹੈ।

**ਮਾਣਸ ਜਨਮ ਦੁਲੰਭ ਹੈ ਹੋਤ ਨਾ ਬਾਰੰਮ ਬਾਰ॥**

ਤਾਂ ਤੇ ਮਨੁੱਖੀ ਸਰੀਰ ਦੀ ਮਹੱਤਤਾ ਵੀ ਮਹਾਨ ਹੈ। ਕੁਝ ਅਜੇਹੇ ਗੁਣ ਹਨ ਜਿਨ੍ਹਾਂ ਨੂੰ ਨੈਤਿਕ ਦ੍ਰਿਸ਼ਟੀ ਤੋਂ ਮਨੁੱਖ ਦੀਆਂ ਵਿਅਕਤੀਗਤ ਚੰਗਿਆਈਆਂ ਦੇ ਅੰਤਰਗਤ ਹੀ ਵਿਚਾਰਿਆ ਜਾ ਸਕਦਾ ਹੈ। ਇਨ੍ਹਾਂ ਵਿਚ ਪ੍ਰੇਮ, ਸਬਰ, ਸੰਤੋਖ, ਸੰਜਮ, ਉਦਮ, ਧੀਰਜ, ਸੱਚ ਅਤੇ ਨਿਮਰਤਾ ਆਦਿ ਹਨ। ਸਮਾਜਕ ਚੰਗਿਆਈਆਂ ਦੇ ਅੰਤਰਗਤ ਭਾਈਚਾਰਕ ਬਰਾਬਰੀ, ਪ੍ਰਤਿਸ਼ਠਾ, ਪਰਉਪਕਾਰ ਸੇਵਾਭਾਵ ਸਮਦ੍ਰਿਸ਼ਟੀ, ਨਿਰਲੇਪਤਾ ਆਦਿ ਸਦਗੁਣ ਆਉਂਦੇ ਹਨ। ਜੇਕਰ ਰਤਾ ਗਹੁ ਨਾਲ ਵਿਚਾਰਿਆ ਜਾਏ ਤਾਂ ਗੱਲ ਭਲੀ ਭਾਂਤ ਸਪੱਸ਼ਟ ਹੋ ਨਿਮਰਤਾਂ ਵੀ ਹੋਰਨਾਂ ਵਿਅਕਤੀਗਤ ਅਤੇ ਸਮਾਜਕ ਗੁਣਾਂ ਵਿਚੋਂ ਇਕ ਅਜੇਹਾ ਸ਼ਕਤੀਸ਼ਾਲੀ ਨੈਤਿਕ ਗੁਣ ਹੈ ਜਿਸਨੂੰ ਹਉਮੈਂ ਦਾ ਵਿਰੋਧੀ ਕਰਕੇ ਸਵੀਕਾਰਿਆ ਜਾਂਦਾ ਹੈ। ਨਿਮਰਤਾ ਦਾ ਭਾਵ ਮਨ ਕਰਕੇ ਆਪਣੇ ਆਪ ਨੂੰ ਨੀਵਾਂ ਦਰਸਾਉਣਾ ਅਤੇ ਜੀਵਨ ਵਿਚ ਵਿਚਰਦਿਆਂ ਚੰਗੇ ਕੰਮ

* 1470, ਗਲੀ ਨੰਬਰ 14, ਗੁਰਬਖਸ਼ ਕਲੋਨੀ, ਪਟਿਆਲਾ

ਕਰਦਿਆਂ ਆਪਣੇ ਆਪ ਨੂੰ ਸਦਾ ਹੀ ਨੀਵਾਂ ਦਰਸਾਉਣਾ ਅਥਵਾ ਆਪਣੇ ਚੰਗੇ ਕਰਮਾਂ ਸਦਕਾ ਇਸ ਗੁਣ ਜਾਂ ਚੰਗਿਆਈ ਨੂੰ ਪ੍ਰਾਪਤ ਕਰਨਾ ਹੈ। ਮਿੱਠਤ ਨਿਮਰਤਾ ਦਾ ਹੀ ਪਰਿਆਇਵਾਚੀ ਸ਼ਬਦ ਹੈ। ਗੁਰੂ ਅਮਰਦਾਸ ਜੀ ਜੀਵ ਨੂੰ ਇਕ ਸੁਹਾਗਣ ਇਸਤਰੀ ਦੇ ਬਿੰਬ ਨਾਲ ਉਸਦੇ ਨਿਮਰ ਹੋਣ ਦਾ ਪ੍ਰਗਟਾਵਾ ਕਰਦਿਆਂ ਫੁਰਮਾਉਂਦੇ ਹਨ।

**ਗੁਰਮੁਖਿ ਸਦਾ ਸੁਹਾਗਣੀ ਪਿਰੁ ਰਾਖਿਆ ਉਰ ਧਾਰਿ॥**
**ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥**

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਦਰਸਾਇਆ ਹੈ ਕਿ ਮਿੱਠਾ ਬੋਲਣ ਵਾਲੇ ਜੀਵ ਅੰਦਰ ਹੀ ਗੁਣ ਅਤੇ ਚੰਗਿਆਈਆਂ ਦਾ ਵਾਧਾ ਹੁੰਦਾ ਹੈ।

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**

ਗੁਰਬਾਣੀ ਵਿਚ ਤਰਾਜ਼ੂ ਦੇ ਬਿੰਬ ਰਾਹੀਂ ਹੌਲੇ ਤੇ ਭਾਰੇ ਦੇ ਅੰਤਰ ਨੂੰ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਨੀਵੇਂ ਨੂੰ ਭਾਰਾ ਦਰਸਾਇਆ ਹੈ।

**ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**

ਪਰ ਗੁਰੂ ਜੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਨਿਮਰਤਾ ਵਖਾਵੇ ਖਾਤਰ ਜਾਂ ਕਿਸੇ ਪ੍ਰਕਾਰ ਦੇ ਲੋਭ ਲਾਲਚ ਸਦਕਾ ਧੋਖਾਦੇਹੀ ਵਾਲੀ ਨਹੀਂ ਹੋਣੀ ਚਾਹੀਦੀ ਕਿਉਂਕਿ ਪਾਪੀ ਪਾਪ ਕਰਨ ਦੀ ਖਾਤਰ ਤੇ ਧੋਖਾ ਦੇਣ ਦੀ ਖਾਤਰ ਸ਼ਿਕਾਰੀ ਵਾਂਗ ਸੱਚੇ ਸੁੱਚੇ ਨਿਮਰ ਵਿਅਕਤੀ ਤੋਂ ਵੱਧ ਝੁਕਦਾ ਹੈ।

**ਅਪਰਾਧੀ ਦੂਣਾ ਨਿਵੈ ਜਿਉ ਹੰਤਾ ਮਿਰਗਾਹਿ॥**

ਨਿਮਰਤਾ ਨਾਲ ਵੱਡੀ ਤੋਂ ਵੱਡੀ ਪ੍ਰਾਪਤੀ ਕਰਨ ਦੇ ਸਮਰੱਥ ਹੋਇਆ ਜਾ ਸਕਦਾ ਹੈ। ਬਾਬਾ ਫਰੀਦ ਜੀ ਵੀ ਜੀਵ ਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਦਰਸਾਉਂਦਿਆਂ ਇਕ ਸੁਹਾਗਣ ਦੇ ਗੁਣਾਂ ਨੂੰ ਪ੍ਰਸ਼ਨੋਤਰੀ ਢੰਗ ਨਾਲ ਉਤਰ ਵਜੋਂ ਇਉਂ ਸਪੱਸ਼ਟ ਕਰਦੇ ਹਨ।

**ਨਿਵਣੁ ਸੁ ਅਖਰੁ ਖਵਣੁ ਗੁਣੁ**
**ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥**

ਬਾਬਾ ਫਰੀਦ ਜੀ ਜੀਵ ਨੂੰ ਦੱਭ ਦੇ ਬਿੰਬ ਨਾਲ ਪ੍ਰਭੂ ਪ੍ਰਾਪਤੀ ਦਾ ਰਾਜ਼ ਸਮਝਾਉਂਦਿਆਂ ਨਿਮਰ ਹੋਣ ਦਾ ਉਪਦੇਸ਼ ਨਿਮਨ ਅਨੁਸਾਰ ਵੀ ਦਿੰਦੇ ਹਨ।

**ਫਰੀਦਾ ਥੀਉ ਪਵਾਹੀ ਦਭੁ॥**
**ਜੇ ਸਾਂਈ ਲੋੜਹਿ ਸਭੁ॥**
**ਇਕੁ ਛਿਜਹਿ ਬਿਆ ਲਤਾੜੀਅਹਿ॥**
**ਤਾ ਸਾਈ ਦੈ ਦਰਿ ਵਾੜੀਅਹਿ॥**

ਬਾਬਾ ਫਰੀਦ ਜੀ ਨਿਮਰ ਆਦਮੀ ਅੰਦਰ ਖਿਮਾ ਦਾ ਗੁਣ ਹੋਣਾ ਵੀ ਜ਼ਰੂਰੀ ਸਮਝਦੇ ਹਨ ਇਸੇ ਕਰਕੇ ਤਾਂ ਉਹ ਫਰਮਾਉਂਦੇ ਹਨ।

**ਫਰੀਦਾ ਜੋ ਤੈ ਮਾਰਨਿ ਮੁਕੀਆ**
**ਤਿਨਾ ਨ ਮਾਰੇ ਘੁੰਮਿ॥**
**ਅਪਨੜੈ ਘਰਿ ਜਾਈਐ ਪੈਰ ਤਿਨਾੑ ਦੇ ਚੁੰਮਿ॥**

ਨਿਮਰਤਾ ਦੀ ਸਭ ਤੋਂ ਵੱਡੀ ਪਹਿਚਾਣ ਹੀ ਇਹ ਹੈ ਕਿ ਜੀਵ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਣਾ ਚਾਹੀਦਾ ਹੈ। ਨਿਮਰਤਾ ਔਗੁਣ ਦਾ ਤਿਆਗ ਕਰਨ ਅਤੇ ਸਦਗੁਣਾਂ ਨੂੰ ਗ੍ਰਹਿਣ ਕਰਨ ਨਾਲ ਹੀ ਆ ਸਕਦੀ ਹੈ। ਗੁਰਬਾਣੀ ਦਾ ਸਪੱਸ਼ਟ ਫੁਰਮਾਣ ਹੈ।

**ਸਾਂਝ ਕਰੀਜੈ ਗੁਣਹ ਕੇਰੀ**
**ਛੋਡਿ ਅਵਗੁਣ ਚਲੀਐ॥**
**ਪਹਿਰੇ ਪਟੰਬਰ ਕਰਿ ਅਡੰਬਰ**
**ਆਪਣਾ ਪਿੜੁ ਮਲੀਐ॥**
**ਜਿਥੈ ਜਾਇ ਬਹੀਐ ਭਲਾ ਕਹੀਐ**
**ਝੋਲਿ ਅੰਮ੍ਰਿਤੁ ਪੀਜੈ॥**
**ਗੁਣ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥**

ਗਰੀਬੀ ਨਿਮਰਤਾ ਦਾ ਅੰਤਮ ਰੂਪ ਅਥਵਾ ਸਿਖਰ ਆਖੀ ਜਾਂਦੀ ਹੈ ਪਰ ਗੁਰੂ ਅਰਜਨ ਦੇਵ ਜੀ ਨੇ ਗਰੀਬੀ ਨੂੰ ਗਦਾ ਰੂਪ ਵਿਚ ਪ੍ਰਵਾਨਿਆ ਹੈ ਕਿਉਂਕਿ ਗੁਰਮਤਿ ਅਨੁਸਾਰ ਗਰੀਬੀ ਦਾ ਅਰਥ ਧਨ, ਅੰਨ ਜਾਂ ਕਿਸੇ ਵੀ ਪ੍ਰਕਾਰ ਦੀ ਤੋਟ ਸਦਕਾ ਭੁਖ ਮਰੀ ਦਾ ਜੀਵਨ ਬਿਤਾਉਣਾ ਜਾਂ ਮੰਗਤਿਆਂ ਵਾਂਗ ਦਰ ਦਰ ਮੰਗਣਾ ਨਹੀਂ ਸਗੋਂ ਗਰੀਬੀ ਤਾਂ ਮਨ ਦੀ ਹੈ ਜਿਹੜੀ ਪ੍ਰਭੂ ਦੀ ਸਭ ਤੋਂ ਵੱਡੀ ਦਾਤ ਹੈ ਕਿਉਂਕਿ ਜਿਸਨੂੰ ਪ੍ਰਭੂ ਦੇ ਦਰ ਤੋਂ ਗਰੀਬੀ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ ਉਹ ਸੰਸਾਰ ਵਿਚ ਹੀ ਅਨੰਦਦਾਇਕ ਜੀਵਨ ਨਹੀਂ ਭੋਗਦਾ ਸਗੋਂ ਪ੍ਰਭੂ ਦਰਗਾਹ ਵਿਚ ਸੁਖ ਪ੍ਰਾਪਤ ਕਰਦਾ ਹੈ।

**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥**

ਪਰ ਇਸ ਰਸਤੇ ਤੇ ਚਲਣ ਵਾਲੇ ਵਿਅਕਤੀ ਦੇ

ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ ਮਾਨ ਹੈ ਜਿਸ ਦਾ ਤਿਆਗ ਕਰਨਾ ਅਤਿ ਕਠਨ ਹੀ ਨਹੀਂ ਕਈ ਹਾਲਤਾਂ ਵਿਚ ਅਸੰਭਵ ਵੀ ਹੈ। ਇਸੇ ਕਰਕੇ ਤਾਂ ਕਬੀਰ ਜੀ ਆਖਦੇ ਹਨ।

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨ ਜਾਇ॥
ਮਾਨ ਮੁਨੀ ਮੁਨਵਰ ਗਲੇ ਮਾਨ ਸਭੈ ਕਉ ਖਾਇ॥

ਕਬੀਰ ਜੀ ਅਨੁਸਾਰ ਹਉਮੈ ਤੋਂ ਬਚਣ ਲਈ ਜੀਵ ਨੂੰ ਨਿਮਰਤਾ ਨੂੰ ਯਾਦ ਰਖਣਾ ਚਾਹੀਦਾ ਹੈ ਤੇ ਜੋ ਕੁਝ ਵੀ ਉਸ ਪਾਸ ਹੈ ਉਸਨੂੰ ਪ੍ਰਭੂ ਦੀ ਦਾਤ ਸਮਝਕੇ ਤਿਆਗਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ।

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ
ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੇ ਮੇਰਾ॥

ਜਦੋਂ ਮਨੁੱਖ ਅੰਦਰ ਸੰਸਾਰਕ ਮੋਹ ਮਾਇਆ ਤੋਂ ਨਿਰਲੇਪਤਾ ਦੇ ਭਾਵ ਉਜਾਗਰ ਹੋ ਆਉਂਦੇ ਹਨ ਤਾਂ ਉਹ ਆਪਣੇ ਆਪ ਨੂੰ ਸਭ ਤੋਂ ਨੀਵਾਂ ਦਰਸਾਉਂਦੇ ਹਨ।

ਆਪਸ ਕਉ ਜੋ ਜਾਣੈ ਨੀਚਾ॥
ਸੋਉ ਗੁਣੀਐ ਸਭ ਤੇ ਊਚਾ॥

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਜੀਵ ਨੂੰ ਇਹ ਸਮਝਾਉਂਦੇ ਹਨ ਕਿ ਹੇ ਜੀਵ ਜੇਕਰ ਤੂੰ ਆਪਣੇ ਆਪਨੂੰ ਚੰਗਾ ਕਹਾਉਣਾ ਚਾਹੁੰਦਾ ਹੈਂ ਤਾਂ ਆਪਣੇ ਆਪ ਨੂੰ ਅਤਿ ਦਰਜੇ ਦਾ ਨੀਵਾਂ ਸਮਝ।

ਜੇ ਲੋੜਹਿ ਚੰਗਾ ਆਪਣਾ
ਕਰਿ ਪੁੰਨਹੁ ਨੀਚ ਸਦਾਈਐ॥

ਕਿਉਂਕਿ ਜਿਹੜਾ ਵਿਅਕਤੀ ਆਪਣੇ ਆਪ ਨੂੰ ਭਲਾ ਜਾਂ ਵੱਡਾ ਕਹਾਉਂਦਾ ਹੈ ਅਸਲ ਵਿਚ ਉਸ ਅੰਦਰ ਨਾ ਤਾਂ ਕੋਈ ਗੁਣ ਹੁੰਦਾ ਹੈ ਅਤੇ ਨਾ ਹੀ ਉਸ ਤੋਂ ਕਿਸੇ ਵੀ ਪ੍ਰਕਾਰ ਦੀ ਭਲਾਈ ਦੀ ਆਸ ਕੀਤੀ ਜਾ ਸਕਦੀ ਹੈ। ਆਪਣੇ ਆਪ ਨੂੰ ਸਭ ਦੇ ਚਰਨਾਂ ਦੀ ਧੂੜ ਸਮਝਣ ਵਾਲੇ ਦੇ ਗੁਣਾਂ ਦੀ ਖੁਸ਼ਬੂ ਆਪਣੇ ਆਪ ਹੀ ਪ੍ਰਗਟ ਹੋ ਆਉਂਦੀ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਅਜੇਹੇ ਵਿਅਕਤੀ ਦੇ ਪ੍ਰਥਾਇ ਫੁਰਮਾਉਂਦੇ ਹਨ।

ਆਪਸ ਕਉ ਜੋ ਭਲਾ ਕਹਾਵੈ॥
ਤਿਸੈ ਭਲਾਈ ਨਿਕਟਿ ਨ ਆਵੈ॥
ਸਰਬ ਕੀ ਰੇਨ ਜਾਕਾ ਮਨੁ ਹੋਇ॥
ਕਹੁ ਨਾਨਕ ਤਾਕੀ ਨਿਰਮਲ ਸੋਇ॥

ਜਦੋਂ ਜੀਵ ਆਪਣੇ ਆਪ ਨੂੰ ਸਭ ਦੇ ਚਰਨਾਂ ਦੀ ਧੂੜ ਸਮਾਨ ਸਮਝਣ ਲਗਦਾ ਹੈ ਤਾਂ ਉਸਨੂੰ ਸਾਰੇ ਜੀਵ ਹੀ ਆਪਣੇ ਮਿੱਤਰ ਪਿਆਰੇ ਦਿਸਣ ਲਗਦੇ ਹਨ ਕਿਉਂਕਿ ਸਭ ਜੀਵਾਂ ਅੰਦਰ ਉਹ ਪ੍ਰਭੂ ਪਿਆਰਾ ਵਸਦਾ ਹੈ।

ਸਭ ਕੀ ਰੇਨ ਹੋਇ ਰਹੇ ਮਨੂਆ
ਸਗਲੇ ਦੀਸਹਿ ਮੀਤ ਪਿਆਰੇ॥
ਸਭ ਮੇ ਰਵਿਆ ਮੇਰਾ ਠਾਕੁਰ
ਦਾਨ ਦੇਤ ਸਭਿ ਜੀਆ ਸਮਾਰੇ॥

ਅੰਤਮ ਨਿਰਣੇ ਵਜੋਂ ਆਖਿਆ ਜਾ ਸਕਦਾ ਹੈ ਕਿ ਜੀਵ ਦਾ ਅੰਤਮ ਨਿਸ਼ਾਨਾ ਪ੍ਰਭੂ ਪ੍ਰਾਪਤੀ ਹੈ। ਨਿਮਰਤਾ ਅਜੇਹਾ ਸਦਗੁਣ ਜਿਸ ਸਦਕਾ ਉਹ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ। ਇਸੇ ਲਈ ਗੁਰੂ ਸਾਹਿਬ ਜੀਵ ਨੂੰ ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਰੋਸ ਜਾਂ ਗੁੱਸਾ ਕਰਨ ਤੋਂ ਹੋੜਦਿਆਂ ਆਪਣੇ ਆਪ ਨੂੰ ਵਿਚਾਰਨ ਦੀ ਸਿਖਿਆ ਦਿੰਦਿਆਂ ਅਤਿ ਨਿਮਰ ਹੋਣ ਲਈ ਪ੍ਰੇਰਦੇ ਹਨ।

ਰੋਸ ਨ ਕਾਹੂ ਸੰਗਿ ਕਰਹੁ ਆਪਨ ਆਪੁ ਬਿਚਾਰਿ॥
ਹੋਇ ਨਿਮਾਣਾ ਜਗਿ ਰਹਹੁ ਨਾਨਕ ਨਦਰੀ ਪਾਰਿ॥

■

*Even 16 years hence our wedding on the video film shot by Tej......*
beautiful moments captured on superfine video films with every detail in colour with sound and music




COLOUR PICTURES, BLACK & WHITE PICTURES ARE OUR SPECIALITY ON WEDDING. SAVE HUNDERDS OF RUPEES CONTACT PERSONALLY OR CALL ON US OUTSTATION WEDDINGS COVERAGE ALSO UNDERTAKEN

*Colour come alive at* Tejee's
**STUDIO-17**
11, 1st Floor, Sec. 17-E, Chandigarh-160 017 INDIA
Studio & Labs Telephone : 704111,
Mobile : 9814087812 Resi : 544430

# ਗੁਰ ਸਬਦੀ ਸੁਖ ਹੋਇ

*(ਇਕ ਗੁਰਸਿੱਖ ਪਿਤਾ ਤੇ ਉਨ੍ਹਾਂ ਦੀ ਸਤਿਸੰਗੀ ਗੈਰਸਿੱਖ ਮਰਾਠੀ ਬੇਟੀ ਵਿਚਕਾਰ ਹੋਇ ਪਤ੍ਰ ਵਿਉਹਾਰ 'ਚੋਂ ਪ੍ਰਾਪਤ ਗੁਰਮੁਖ ਸਿੱਖਿਆ)*

**ਰਮੇਸ਼ ਸਿੰਘ***

ਜੁਗੋ ਜੁਗ ਅਟੱਲ, ਜਗਤ ਗੁਰੂ, ਗੁਰੂ ਗ੍ਰੰਥ ਸਾਹਿਬ ਦੀ ਬਾਣੀ "ਧੁਰ ਕੀ ਬਾਣੀ" ਹੈ ਤੇ 36 ਸਾਧੂ ਜਨਾਂ (ਗੁਰੂਆਂ, ਭਗਤਾਂ, ਸੰਤਾਂ, ਮਹਾਪੁਰਸ਼ਾਂ) ਦੀ ਰਚਨਾ ਰਾਹੀਂ ਇਸ ਲੋਕ ਦੇ ਵਾਸੀਆਂ ਤੀਕਰ ਪਹੁੰਚੀ ਹੈ। ਗੁਰੂ ਗਿਆਨ ਦਾ ਚਾਨਣ ਮੁਨਾਰਾ ਹੈ, ਸੁ ਗੁਰੂ ਦੀ ਬਾਣੀ ਦਾ ਇਕ ਕਿਨਕਾ ਵੀ ਜਿਸ ਅੰਦਰ ਵਸ ਜਾਂਦਾ ਹੈ ਉਸਦੇ ਨੈਣਾਂ ਦਾ ਹਨੇਰਾ, ਸਦਾ ਲਈ ਮਿਟ ਜਾਂਦਾ ਹੈ, ਉਹ ਦਿਬ ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ, ਉਸ ਗੁਰਸਿੱਖ ਅੰਦਰ ਫਿਰ ਚਾਹਤ ਪੈਦਾ ਹੁੰਦੀ ਹੈ- "ਆਪਿ ਜਪਹੁ ਅਵਰਾ ਨਾਮੁ ਜਪਾਵਹੁ" (ਪੰਨਾ 289) ਦੇ ਮਹਾਂਵਾਕ ਅਨੁਸਾਰ ਕਿ ਜੋ ਵੀ ਉਸ ਦੇ ਸੰਪਰਕ ਵਿਚ ਆਏ ਉਸ ਅੰਦਰ ਗੁਰੂ ਦੇ ਗਿਆਨ ਦੀ ਰੋਸ਼ਨੀ ਦਾ ਦੀਵਾ ਬਾਲ ਕੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ, ਤਾਂ ਜੋ, ਜਿਵੇਂ ਗੁਰਸਿੱਖ ਆਪ ਪ੍ਰਭੂ ਦਾ ਨਾਮ ਜਪ ਕੇ ਸੁਖੀ ਹੋ ਗਿਆ ਹੈ ਤਿਵੇਂ ਹੀ ਸਾਰੀ ਦੁਨੀਆਂ ਸੁਖ-ਸਾਗਰ ਗੁਰਦੇਵ ਦੇ ਸ਼ਬਦ ਦੀ ਕਮਾਈ ਕਰ ਕੇ ਸੁਖੀ ਹੋ ਜਾਵੇ। ਪਿਛਲੇ ਦਿਨੀਂ ਪ੍ਰਭੂ ਦੀ ਅਪਾਰ ਕਿਰਪਾ ਸਦਕਾ ਮੈਨੂੰ ਇਕ ਗੁਰਸਿੱਖ ਪਿਤਾ ਤੇ ਉਨ੍ਹਾਂ ਦੀ ਗੈਰਸਿੱਖ (ਹਿੰਦੂ) ਮਰਾਠੀ ਸਤਿਸੰਗੀ ਬੇਟੀ (ਜੋ ਮੁੰਬਈ ਹਾਈ ਕੋਰਟ ਦੀ advocate ਹੈ) ਵਿਚਕਾਰ ਹੋਇ ਪਤ੍ਰ ਵਿਉਹਾਰ ਨੂੰ ਵਾਚਣ ਦਾ ਸੁਭਾਗ ਮਿਲਿਆ। ਪੜ੍ਹ ਕੇ ਮਨ ਅਸ਼-ਅਸ਼ ਕਰ ਉਠਿਆ, ਸਿੱਖ ਰਾਹੀਂ ਪ੍ਰਗਟ ਹੋਈ ਗੁਰੂ ਦੀ ਵਡਿਆਈ ਤੇ ਬੇਅੰਤ ਮਾਣ ਉਪਜਿਆ ਤੇ ਗੁਰੂ ਗ੍ਰੰਥ ਸਾਹਿਬ ਅਗੇ ਨਮਸਕਾਰ, ਡੰਡਉਤ-ਬੰਦਨਾ ਵਾਰ-ਵਾਰ ਕਰਨ ਦਾ ਜੀਅ ਕੀਤਾ। ਆਓ, ਸਾਰੇ ਰਲ ਕੇ ਇਸ ਪੱਤ੍ਰ ਵਿਉਹਾਰ 'ਚੋਂ ਰਾਮ ਰਸ ਦਾ ਰਸ ਮਾਣੀਏਂ

ਸਿੱਖ ਪਿਤਾ ਦੇ ਅੰਗਰੇਜੀ ਪੱਤ੍ਰ ਦਾ ਅਨੁਵਾਦ ਕੁਝ ਇਸ ਪ੍ਰਕਾਰ ਹੈ।

ਮੇਰੀ ਪਿਆਰੀ ਬੇਟੀ ...,

ਤੇਰੀ ਚਿੱਠੀ ਅੱਜ ਹੀ ਮਿਲੀ ਤੇ ਮਿਲਦਿਆਂ ਸਾਰ ਹੀ ਜੁਆਬ ਦੇ ਰਿਹਾ ਹਾਂ ਕਿਉਂਕਿ ਕਲ ਮੈਂ ਕਲਕੱਤੇ ਜਾਣਾ ਹੈ। ਜਿਵੇਂ ਤੂੰ ਹੁਕਮ ਕੀਤਾ ਹੈ, ਮੈਂ ਤੇਰੇ ਨਾਲ ਪ੍ਰਭੂ ਬਾਰੇ ਕੁਝ ਗੱਲਾਂ ਸਾਂਝੀਆਂ ਕਰ ਰਿਹਾ ਹਾਂ। ਤੈਨੂੰ ਤਾਂ ਪਤਾ ਹੀ ਹੈ ਕਿ ਸਿੱਖਾਂ ਦੀ ਅਰਦਾਸ ਦੇ ਅਖੀਰ ਵਿਚ, ਇਹ ਅਰਦਾਸ ਕੀਤੀ ਜਾਂਦੀ ਹੈ - ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਸੁ ਇਸ ਤਰ੍ਹਾਂ ਬੇਟੇ, ਜਦੋਂ ਵੀ ਮੈਂ ਅਰਦਾਸ ਕਰਦਾ ਤਾਂ, ਤੇਰੇ ਲਈ ਅਰਦਾਸ ਅਪਣੇ ਆਪ ਹੋ ਜਾਂਦੀ ਹੈ।

ਬੇਟੇ, ਪ੍ਰਭੂ ਜੋ ਸਮਝ ਮੈਨੂੰ ਗੁਰੂ ਤੋਂ ਪ੍ਰਾਪਤ ਹੋਈ ਹੈ, ਉਹ ਬੜੀ ਸਰਲ ਤੇ ਸਪਸ਼ਟ, ਪਰ ਪੱਕੀ ਹੈ, ਕੁਝ ਗੱਲਾਂ ਲਿਖਦਾ ਹਾਂ।

1. ਜੇ ਮੈਂ ਇਹ ਮਹਿਸੂਸ ਕਰ ਸਕਾਂ ਕਿ "ਮੈਂ ਕੁਝ ਨਹੀਂ", ਤਾਂ ਮੈਂ ਪ੍ਰਭੂ ਨੂੰ ਸਮਝ ਪਾਂਵਾਗਾਂ ਕਿਉਂਕਿ ਫਿਰ ਹੋਰ ਕੁਝ ਬਚਦਾ ਹੀ ਨਹੀਂ।

2. ਜੇ ਮੈਂ ਪ੍ਰਭੂ ਦੀ ਸੁੰਦਰਤਾ ਤੇ ਕਿਰਪਾ ਦਾ ਉਪਯੋਗ ਅਪਣੀਆਂ ਇੰਦ੍ਰੀਆਂ ਦੇ ਰਸਾਂ ਤੋਂ ਉਪਰ, ਸਭ ਦੇ ਭਲੇ ਲਈ ਕਰਦਾ ਹੋਵਾਂ, ਤਾਂ ਮੈਂ ਪ੍ਰਭੂ ਨੂੰ ਸਮਝ ਪਾਵਾਂਗਾ।

3. ਜੇ ਮੈਂ ਆਪਣੀ ਸਭ ਤੋਂ ਵੱਡੀ duty ਹਰ ਵੇਲੇ ਪ੍ਰਭੂ ਦੀ ਹਜ਼ੂਰੀ ਵਿਚ ਰਹਿਣਾ ਤੇ ਪੂਰੀ ਤਰ੍ਹਾਂ ਗੁਰੂ ਦੇ ਹੁਕਮਾਂ ਤੇ ਚਲਣਾ-ਨੂੰ ਵਿਸਾਰ ਕੇ, ਮਾਇਆ ਵਿਚ ਸੌਂ ਨਾ ਜਾਵਾਂ, ਤਾਂ ਮੈਂ ਪ੍ਰਭੂ ਨੂੰ ਸਮਝ ਪਾਵਾਂਗਾ।

4. ਜੇ ਮੈਂ ਸਾਰੀ ਲੁਕਾਈ ਦੀ ਸੇਵਾ ਪ੍ਰਭੂ ਦੇ ਨਾਮ ਵਿਚ ਤੇ ਪ੍ਰਭੂ ਦਾ ਸੇਵਕ ਹੋਣ ਦੀ ਸਨਿਮ੍ਰਤਾ ਵਿਚ ਕਰਾਂ, ਤਾਂ ਮੈਂ ਪ੍ਰਭੂ ਨੂੰ ਸਮਝ ਪਾਵਾਂਗਾ।

5. ਜੇ ਮੇਰਾ ਮਨ ਤੇ ਹਿਰਦਾ, ਦਇਆ, ਪਿਆਰ ਤੇ ਨਿਮ੍ਰਤਾ ਨਾਲ ਭਰ ਜਾਣ ਤਾਂ ਮੈਂ ਪ੍ਰਭੂ ਨੂੰ ਪਾਵਾਂਗਾ ਕਿਉਂਕਿ ਮੇਰੇ ਅੰਦਰ ਪ੍ਰਭੂ ਦੇ ਗੁਣ ਹੋਣਗੇ।

6. ਜੇ ਮੈਂ ਸੁਆਰਥੀ ਨਾ ਹੋਵਾਂ, ਦੁਨਿਆਵੀ ਭੋਗਾਂ ਵਿਚ ਨਾ ਫਸਾਂ, ਬਹਿਸਾਂ ਨਾ ਕਰਾਂ, ਤਾਂ ਮੈਂ ਪ੍ਰਭੂ ਨੂੰ ਸਮਝ ਪਾਵਾਂਗਾ ਕਿਉਂਕਿ ਮੈਂ ਸਾਰਾ ਸਮਾਂ ਇਨ੍ਹਾਂ ਕੰਮਾਂ ਤੋਂ ਬਚਾ ਕੇ ਪ੍ਰਭੂ ਨੂੰ ਪਿਆਰ ਕਰਨ ਵਿਚ ਲਾਵਾਂਗਾ।

7. ਜੇ ਮੈਂ ਧਾਰਮਕ ਗ੍ਰੰਥਾਂ ਦਾ ਕੇਵਲ ਰਸਮੀ ਪਾਠ ਕਰਨ ਦੀ ਬਜਾਇ ਉਨ੍ਹਾਂ ਅੰਦਰ ਦੱਸੇ ਉਪਦੇਸ਼ਾਂ ਦੀ ਕਮਾਈ ਕਰਾਂ ਤਾਂ ਮੇਰੇ ਅੰਦਰ ਸੋਝੀ ਆਵੇਗੀ ਤੇ ਉਸ ਸੋਝੀ 'ਚੋਂ ਮੈਂ ਪ੍ਰਭੂ ਨੂੰ ਪਾਵਾਂਗਾ।

* Kasidih East , Road No. 1 Sakchi, Jamshedpur-831 001 (Bihar)

8. ਜੇ ਮੇਰੀ ਕੋਈ ਆਸ ਨਾ ਰਹੇ, ਜੇ ਮੈਂ ਤ੍ਰਿਪਤ ਹੋ ਜਾਵਾਂ, ਜੇ ਮੈਂ ਈਰਖਾ ਨਾ ਕਰਾਂ ਤੇ ਜੇ ਮੈਂ ਦੂਜਿਆਂ ਦੇ ਸੁਖ ਦੁਖ ਦਾ ਸਾਂਝੀ ਬਣਾਂ ਨਿਮਰਤਾ ਤੇ ਪਿਆਰ ਅੰਦਰ, ਤਾਂ ਮੈਂ ਪ੍ਰਭੂ ਨੂੰ ਪਾਵਾਂਗਾ।

9. ਜੇ ਮੇਰੇ ਅੰਦਰ ਆਪਣੀ ਵਡਿਆਈ ਦੀ ਲਾਲਸਾ ਤੇ ਭੁੱਖ ਨਾ ਹੋਵੇ ਤੇ ਦੂਜਿਆਂ ਤੇ ਰੋਅਬ ਪਾਉਣ ਦੀ ਮਨਸਾ ਨਾ ਹੋਵੇ, ਤਾਂ ਮੈਂ ਪ੍ਰਭੂ ਨੂੰ ਪਾਵਾਂਗਾ।

10. ਜੇ ਮੈਂ ਸਾਰਾ ਸਮਾਂ, ਪ੍ਰਭੂ ਤੋਂ ਪ੍ਰਾਪਤ ਡਿਊਟੀਆਂ ਪ੍ਰਭੂ ਦੇ ਪਿਆਰ ਅੰਦਰ ਪੂਰੀਆਂ ਕਰਨ ਦੀ ਕੋਸ਼ਿਸ਼ ਕਰਾਂ ਤੇ ਪ੍ਰਭੂ ਦੀ ਹਜ਼ੂਰੀ ਵਿਚ ਰਹਾਂ ਤੇ ਇਕ ਮਿੰਟ ਵੀ ਆਪਣੀ ਵਡਿਆਈ ਤੇ ਆਪਾ ਵਿਖਾਣ ਵਿਚ ਨਾ ਗੁਆਵਾਂ, ਤਾਂ ਮੈਂ ਪ੍ਰਭੂ ਨੂੰ ਪਾਵਾਂਗਾ।

ਸੁ ਬੇਟੇ, ਇਹ ਬੜਾ ਜ਼ਰੂਰੀ ਹੈ ਕਿ ਅਸੀਂ ਹਰ ਵੇਲੇ ਪ੍ਰਭੂ ਅੱਗੇ ਡਟੇ ਰਹੀਏ ਤੇ ਅਰਦਾਸਾਂ ਕਰਦੇ ਰਹੀਏ। ਆਪਣੀ ਪੂਰੀ ਕੋਸ਼ਿਸ਼ ਨਾਲ ਵੀ ਅਸੀਂ ਉਸਨੂੰ ਨਹੀਂ ਪਾ ਸਕਦੇ ਕਿਉਂਕਿ ਜੋ ਕੋਸ਼ਿਸ਼ ਨਾਲ ਉਹ ਪਾਇਆ ਜਾ ਸਕੇ ਫਿਰ ਤਾਂ ਉਹ ਸੀਮਤ ਪ੍ਰਭੂ ਹੋ ਗਿਆ-ਕੋਸ਼ਿਸ਼ ਕਰੋ ਤੇ ਪਾ ਲਵੋ ਪਰ ਉਹ ਤਾਂ ਬੇਅੰਤ ਹੈ ਤੇ ਕੇਵਲ ਸਾਡਾ ਪੂਰਾ ਸਮਰਪਣ ਹੀ ਉਸਨੂੰ ਕਿਰਪਾ ਕਰਨ ਤੇ ਹਜ਼ੂਰੀ ਬਖ਼ਸ਼ਣ ਲਈ ਖਿਚ ਸਕਦਾ ਹੈ। ਸਾਰਾ ਕੁਛ ਉਸ ਦੀ ਕਿਰਪਾ ਤੇ ਨਿਰਭਰ ਹੈ। ਅਸਲ ਵਿਚ, ਪ੍ਰਭੂ ਦਾ ਅਸਲ ਗਿਆਨ ਹੈ, "ਕਿਰਪਾ ਤੇ ਹਜ਼ੂਰੀ, ਅਤੇ ਉਪਰਲੇ 10 ਨੁਕਤਿਆਂ ਵਿਚ। ਮੈਂ ਗੁਰਮਤਿ ਤੋਂ ਪ੍ਰਾਪਤ ਜੋ ਕੁਝ ਲਿਖਿਆ ਹੈ, ਇਹ ਕਿਰਪਾ ਤੇ ਹਜ਼ੂਰੀ ਲਈ ਜੋਦੜੀਆਂ ਕਰਨ ਲਈ ਪ੍ਰੇਰਦਾ ਹੈ।

ਜਿਵੇਂ ਮੈਂ ਕਈ ਵਾਰ ਪਹਿਲਾਂ ਵੀ ਲਿਖਿਆ ਹੈ ਕਿ ਪ੍ਰਭੂ ਨੂੰ ਆਪਣੀ ਜ਼ਿੰਦਗੀ ਵਿਚ ਸਭ ਤੋਂ ਉਪਰ (Priority No.1) ਰੱਖਣ ਨਾਲ ਹੀ ਸਾਡੇ ਭਰਮ ਦੂਰ ਹੋਣਗੇ ਤੇ ਜੇ ਪ੍ਰਭੂ ਸਾਡੇ ਅੰਦਰ ਵਸ ਜਾਣ ਤਾਂ ਸਾਨੂੰ ਹੋਰ ਕਿਸੇ ਦਿਲਾਸੇ ਦੀ ਲੋੜ ਨਹੀਂ ਰਹਿੰਦੀ; ਪਰ ਜੇ ਪ੍ਰਭੂ ਨਾ ਹੋਵਣ ਸਾਡੇ ਨਾਲ ਤਾਂ ਹੋਰ ਕੋਈ ਦਿਲਾਸਾ ਸਾਨੂੰ ਦਿਲਾਸਾ ਨਹੀਂ ਦੇ ਸਕਦਾ।

ਹਮੇਸ਼ਾ ਯਾਦ ਰੱਖੀਏ, ਸਾਡੀ ਜ਼ਿੰਦਗੀ ਦਾ ਮਕਸਦ ਹੈ-ਗੋਬਿੰਦ ਮਿਲਨ, ਜਿਸ ਗੋਬਿੰਦ ਤੋਂ ਅਸੀਂ ਕਈ ਜਨਮਾਂ ਦੇ ਵਿਛੜੇ ਹੋਇ ਹਾਂ।

ਬਹੁਤ ਬਹੁਤ ਪਿਆਰ।

ਤੇਰਾ ਮੂਰਖ ਪਾਪਾ

ਇਸ ਗੁਰਮਤਿ ਸੁਨੇਹੇ ਦੇ ਜੁਆਬ ਵਿਚ ਉਸ ਮਰਾਠੀ ਬੇਟੀ ਨੇ ਜੋ ਖ਼ਤ ਭੇਜਿਆ, ਉਸ ਦੇ ਮੁਖ ਅੰਸ਼ ਦੇਣ ਦੀ ਖ਼ੁਸ਼ੀ ਲੈ ਰਿਹਾ ਹਾਂ, ਪੰਜਾਬੀ ਵਿਚ।

ਮੇਰੇ ਪਿਆਰੇ ਪਾਪਾ ਜੀ,

ਮੁਆਫ਼ੀ ਮੰਗਦੀ ਹਾਂ ਕਿ ਆਪਦੇ ਖ਼ਤ ਦਾ ਜੁਆਬ ਦੇਣ ਵਿਚ ਬਹੁਤ ਦੇਰ ਕਰ ਦਿੱਤੀ ਹੈ, ਇਸ ਦੀ ਵਜ੍ਹਾ ਮੈਂ ਬਾਅਦ ਵਿਚ ਦੱਸਾਂਗੀ।

ਪਾਪਾ ਜੀ, ਪਿਛਲਾ ਖ਼ਤ ਜਿਸ ਵਿਚ ਆਪਨੇ ਪ੍ਰਭੂ ਬਾਰੇ ਸਮਝਾਇਆ ਸੀ, ਬਹੁਤ ਹੀ ਕਮਾਲ ਹੈ, ਇਸ ਨੂੰ ਪੜ੍ਹ ਕੇ, ਵਾਰ-ਵਾਰ ਪੜ੍ਹ ਕੇ ਜੋ ਅਹਿਸਾਸ ਮੇਰੇ ਮਨ ਵਿਚ ਉਪਜਦਾ ਹੈ ਉਹ ਮੈਂ ਬਿਆਨ ਨਹੀਂ ਕਰ ਸਕਦੀ। ਇਸਦੀਆਂ ਕਾਪੀਆਂ ਕਰਾ ਕੇ ਮੈਂ ਆਪਣੇ ਹੋਰਨਾਂ ਮਰਾਠੀ ਸਤਿਸੰਗੀਆਂ ਵਿਚ ਵੰਡਾਂਗੀ ਤਾਂ ਜੋ ਉਹ ਵੀ ਇਸ ਖਜਾਨੇ ਦਾ ਲਾਭ ਉਠਾ ਸਕਣ। ਆਪਦੀ ਚਿੱਠੀ ਇਕ ਖ਼ਤ ਨਹੀਂ ਇਹ ਤਾਂ ਮੇਰੇ ਲਈ ਪੂਰੀ-ਪੂਰੀ ਸੇਧ ਹੈ। ਇਹ ਪੜ੍ਹ ਕੇ ਮੈਨੂੰ ਸਮਝ ਆਈ ਕਿ ਪ੍ਰਭੂ ਨੂੰ ਆਪਣੇ ਰੋਜ਼ਾਨਾ ਜੀਵਨ ਅੰਦਰੋਂ ਹੀ ਲਭਣਾ ਹੈ, ਸਾਨੂੰ ਉਸ ਦੀ ਹਜ਼ੂਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜੋ ਨੁਕਤੇ ਆਪਨੇ ਲਿਖੇ ਹਨ, ਉਨਾਂ ਨੂੰ ਹੋਰ ਚੰਗੀ ਤਰ੍ਹਾਂ ਘੋਖਾਂਗੀ।

ਮੈਂ ਕਈ ਵਾਰ ਇਸ ਗੁਰਮਤਿ ਸੁਨੇਹੇ ਨੂੰ ਪੜ੍ਹਿਆ ਤੇ ਹਰ ਵਾਰ ਇਕ ਨਵਾਂ ਰੰਗ ਵੇਖਿਆ। ਕਦੇ-ਕਦੇ ਇਹ ਖਿਆਲ ਆਉਂਦਾ ਹੈ ਕਿ ਮੈਂ ਤਾਂ ਉਸ ਬਾਂਦਰ ਵਰਗੀ ਹਾਂ ਜਿਸ ਕੋਲ ਹੀਰਾ ਹੈ, ਪਰ ਉਹ ਉਸਦੀ ਕੀਮਤ ਤੋਂ ਅਨਜਾਣ ਹੈ।

ਹੁਣ ਮੈਂ ਦਸਦੀ ਹਾਂ ਜੁਆਬ ਦੇਣ ਵਿਚ ਇਤਨੀ ਦੇਰ ਕਿਉਂ ਹੋਈ। ਮੇਰੀ ਚੁੱਪੀ ਤੇ, ਆਪਦੀ ਨਾਰਾਜ਼ਗੀ, ਨਾਖ਼ੁਸ਼ੀ ਦਾ ਸਦਕਾ ਮੈਨੂੰ ਇਕ ਬਿਲਕੁਲ ਨਵੇਂ ਪਾਪਾ ਜੀ ਲਭੇ ਹਨ। ਇੰਜ ਲੱਗਾ, ਮੇਰੇ ਪਾਪਾ ਬਹੁਤ ਵੱਡੇ, ਬਹੁਤ ਵੱਡੇ ਹੋ ਗਏ ਹਨ ਉਸ ਬੇਅੰਤ ਪ੍ਰਭੂ ਵਾਂਗ ਜਿਸਨੂੰ ਵੇਖਣਾ ਤੇ ਜਿਸ ਤੀਕਰ ਪਹੁੰਚਣਾ ਮੇਰੀ ਪਹੁੰਚ ਤੋਂ ਪਰੇ ਹੈ। ਇਸ ਖ਼ਤ ਰਾਹੀਂ ਪ੍ਰਭੂ ਦੀ ਅਨੰਤਤਾ ਦਾ ਅਹਿਸਾਸ ਆਪ ਅੰਦਰੋਂ ਵੇਖਿਆ ਤੇ ਆਪਨੂੰ ਉਸ ਅਨੰਤ ਪ੍ਰਭੂ ਅੰਦਰ। ਆਪਦੇ ਇਸ ਨਵੇਂ ਸਵਰੂਪ ਨੂੰ ਵੇਖ ਕੇ ਮੈਂ ਚਕਿਤ ਤੇ ਹੈਰਾਨ ਰਹਿ ਗਈ। ਆਪਣੇ ਆਪਨੂੰ, ਆਪ ਦੇ ਮੁਕਾਬਲੇ ਇਤਨਾ ਤੁੱਛ ਤੇ ਛੋਟਾ ਪਾਇਆ ਕਿ ਆਪ ਤਕ ਪਹੁੰਚਣ ਦਾ ਸੋਚ ਹੀ ਨਹੀਂ ਸਕਦੀ, ਫਿਰ ਕਿਵੇਂ ਜੁਆਬ ਲਿਖਦੀ। ਮੈਂ ਸੋਚਿਆ, ਬਸ ਹੁਣ ਮੈਂ ਪਾਪਾ ਦੇ

ਗੁਰਮਤਿ ਸੁਨੇਹੇ ਵਾਰ-ਵਾਰ ਪੜ੍ਹ ਕੇ, ਸਮਝ ਕੇ ਤੇ ਅਮਲ ਕਰਕੇ (ਜੇ ਹੋ ਸਕਿਆ) ਹੀ ਗੁਜ਼ਾਰਾ ਕਰਾਂਗੀ। ਆਪਣੀ ਇਸ ਭਾਵਨਾ ਨੂੰ phone ਤੇ ਜਾਂ ਚਿੱਠੀ ਰਾਹੀਂ convey ਕਰਨਾ ਬੜਾ ਮੁਸ਼ਕਲ ਸੀ, ਇਸ ਕਰਕੇ ਮੈਂ ਜੁਆਬ ਨਾ ਦੇ ਸਕੀ।

ਮੈਂ ਤਾਂ ਇਤਨਾ ਹੀ ਜਾਣਦੀ ਹਾਂ ਕਿ ਮੈਂ ਕੁਝ ਨਹੀਂ ਜਾਣਦੀ। ਮੈਨੂੰ ਇਤਨਾ ਹੀ ਪਤਾ ਹੈ ਕਿ ਬਗੈਰ ਪ੍ਰਭੂ ਦੀ ਮਹਾਨ ਕਿਰਪਾ ਦੇ ਮੈਂ ਉਸਨੂੰ ਨਹੀਂ ਪਾ ਸਕਦੀ, ਨਹੀਂ ਸਮਝ ਸਕਦੀ। ਆਪਦਾ ਗੁਰਮਤਿ ਸੁਨੇਹਾ ਤਾਂ ਪੂਰਨ ਫਿਲਾਸਫੀ ਹੈ ਆਪਣੇ ਆਪ ਵਿਚ ਤੇ ਸਿਖਿਆ ਦਾ ਪੂਰਾ ਗ੍ਰੰਥ ਹੈ। ਮੈਂ ਤਾਂ ਇਕ ਕੀੜੀ ਹਾਂ, ਕੀ ਲਿਖ ਸਕਦੀ ਹਾਂ? ਮੇਰੇ ਵਰਗੀ ਅਗਿਆਨੀ ਕਿਵੇਂ ਇਤਨੀ ਵੱਡੀ ਫਿਲਾਸਫੀ ਦਾ ਜੁਆਬ ਦੇ ਸਕਦੀ ਹੈ।

ਪਾਪਾ ਜੀ, ਆਪਦਾ ਖ਼ਤ, ਚਿੱਠੀ ਨਹੀਂ, ਇਹ ਤਾਂ ਆਪਦਾ ਜੀਵਨ ਹੈ- ਅਮਲੀ ਜੀਵਨ ਜੋ ਆਪਨੇ ਅਨੁਭਵ ਕੀਤਾ ਤੇ ਹੰਢਾਇਆ ਹੈ। ਪ੍ਰਭੂ ਬਾਰੇ ਆਪਦੀ ਸਮਝ, ਇਹ ਕੇਵਲ ਸਿਖਿਆ ਯਾ ਉਪਦੇਸ਼ ਹੀ ਨਹੀਂ, ਇਹ ਤਾਂ ਗੁਰੂ ਉਪਦੇਸ਼ਾਂ ਤੇ ਚਲਦੇ ਜੀਵਨ ਦਾ ਨਿਚੋੜ ਹੈ। ਆਪਦੇ ਖ਼ਤ ਦਾ ਇਕ-ਇਕ ਸ਼ਬਦ ਆਪਦਾ ਨਿਜੀ ਤਜਰਬਾ ਹੈ।

ਆਪਦੇ ਖ਼ਤ ਦੇ ਜੁਆਬ ਵਿਚ ਬਸ ਇਤਨਾ ਹੀ ਕਹਿਣਾ ਚਾਹੁੰਦੀ ਹਾਂ ਕਿ ਆਪ ਉਪਰ ਪ੍ਰਭੂ ਦੀ ਅਪਾਰ ਕਿਰਪਾ ਹੈ, ਪ੍ਰਭੂ ਨੇ ਹਜ਼ਾਰਾਂ ਹੱਥਾਂ ਨਾਲ ਆਪ ਨੂੰ ਪਿਆਰ ਕੀਤਾ ਹੈ, ਹਜ਼ਾਰਾਂ ਹੱਥਾਂ ਨਾਲ ਪ੍ਰਭੂ ਨੇ ਆਪ ਤੇ ਪਿਆਰ ਦੀ ਵਰਖਾ ਵਰਸਾਈ ਹੈ, ਇਸੇ ਕਾਰਣ ਆਪ ਪ੍ਰਭੂ ਨੂੰ ਸਮਝ ਸਕੇ ਹੋ, ਪਾ ਸਕੇ ਹੋ।

ਮੇਰੀ ਅਰਦਾਸ ਹੈ- ਪ੍ਰਭੂ ਹਰ ਜੀਅ ਤੇ ਉਸ ਤਰ੍ਹਾਂ ਹੀ ਕਿਰਪਾ ਕਰੇ ਜਿਵੇਂ ਆਪ ਤੇ ਕੀਤੀ ਹੈ।

ਆਪ ਦੀ ਪਿਆਰੀ ਬੇਟੀ।

ਹੈ ਨਾ ਕਮਾਲ ਦੀ ਵਡਿਆਈ ਜੁਗੋ-ਜੁਗ ਅਟੱਲ ਗੁਰੂ ਦੀ। ਫਿਰ ਕਿਉਂ ਨਾ ਐਸੇ ਗੁਰ ਕਉ ਬਲਿ ਬਲਿ ਜਾਈਐ ਜਿਸਦੇ ਸਿਮਰਨ 'ਚੋਂ ਇਹ ਬਰਕਤਾਂ ਪ੍ਰਾਪਤ ਹੁੰਦੀਆਂ ਹਨ।

*ਜਿਹ ਸਤਿਗੁਰ ਸਿਮਰੰਥ*
*ਨਯਨ ਕੇ ਤਿਮਰ ਮਿਟਹਿ ਖਿਨੁ॥*
*ਜਿਹ ਸਤਿਗੁਰ ਸਿਮਰੰਥ*
*ਰਿਦੈ ਹਰਿਨਾਮੁ ਦਿਨੋ ਦਿਨੁ॥*
*ਜਿਹ ਸਤਿਗੁਰ ਸਿਮਰੰਥ*
*ਜੀਅ ਕੀ ਤਪਤਿ ਮਿਟਾਵੈ॥*
*ਜਿਹ ਸਤਿਗੁਰ ਸਿਮਰੰਥ*
*ਰਿਧਿ ਸਿਧਿ ਨਵ ਨਿਧਿ ਪਾਵੈ॥*
*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ*
*ਸੋ ਸਤਿਗੁਰ ਸਿਮਰਹੁ ਨਰਹੁ॥*

ਪੰਨਾ-1405

ਸਾਰੀ ਸੰਗਤ ਅੱਗੇ ਜੋਦੜੀ ਹੈ ਕਿ ਮੇਰੇ ਗਰੀਬ ਲਈ ਅਰਦਾਸ ਕਰਨੀ ਜੀ, ਕਿ ਮੈਂ ਵੀ ਗੁਰਸਿੱਖ ਵਾਂਗ ਗੁਰੂ ਦਾ ਗੁਲਾਮ ਬਣ ਸਕਾਂ ਤੇ ਗੁਰੂਸ਼ਬਦ ਦੀ ਕਮਾਈ ਕਰਕੇ ਸਦੀਵੀ ਸੁਖ ਪਾ ਸਕਾਂ। ■


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

*With compliments from*

**G.S. Sethi**

22, Pusa Road
New Delhi - 110 005 Ph: 5721046

# ਪੁਸਤਕ ਸਮੀਖਿਆ

**ਪੁਸਤਕ : ਜਿਹ ਬਿਧਿ ਗੁਰ ਉਪਦੇਸਿਆ** **ਲੇਖਕ : ਬਲਵਿੰਦਰ ਸਿੰਘ**

**ਪੰਨੇ : 160 ਕੀਮਤ : 80 ਰੁਪਏ ਪ੍ਰਕਾਸ਼ਨ : ਸਿੰਘ ਬ੍ਰਦੱਰਜ਼ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

**ਸਮੀਖਿਆਕਾਰ : ਡਾ. ਗੁਰਮੀਤ ਸਿੰਘ ਬੈਦਵਾਣ ***

ਸ. ਬਲਵਿੰਦਰ ਸਿੰਘ ਜੀ ਸੂਝ ਸਿਆਣਪ ਵਾਲੇ ਗੁਰਮੁਖ ਪੁਰਸ਼ ਹਨ। ਗੁਰਮਤਿ ਪ੍ਰਚਾਰ ਹਿਤ ਉਹਨਾਂ ਨੇ ਆਪਣੇ ਆਪ ਨੂੰ ਸਮਰਪਿਤ ਕੀਤਾ ਹੋਇਆ ਹੈ। ਅਜੋਕੇ ਅਸੰਗਠਿਤ ਮਨ ਵਾਲੇ ਸਮਾਜ ਨੂੰ ਗੁਰੂ ਮਾਰਗ ਨਾਲ ਜੋੜਨਾ ਕੋਈ ਸੌਖਾ ਕਾਰਜ ਨਹੀਂ ਹੈ। ਇਹ ਗੁਰੂ ਮਹਾਰਾਜ ਦੀ ਬਖਸ਼ਿਸ਼ ਹੀ ਹੈ ਕਿ ਕੁਝ ਉਦਮੀ ਤੇ ਪਰਉਪਕਾਰੀ ਇਨਸਾਨ ਗੁਰਉਪਦੇਸ਼ ਦੇ ਪ੍ਰਚਾਰ ਹਿਤ ਤਨੋ ਮਨੋ ਸੇਵਾ ਕਰ ਰਹੇ ਹਨ। ਸ. ਬਲਵਿੰਦਰ ਸਿੰਘ ਜੀ ਹਥਲੀ ਪੁਸਤਕ "ਜਿਹ ਬਿਧਿ ਗੁਰ ਉਪਦੇਸਿਆ" ਤੋਂ ਪਹਿਲਾਂ "ਨਾਨਕ ਕਹਤੁ ਪੁਕਾਰਿ ਕੈ" ਸੰਗਤ ਦੇ ਵਿਚਾਰ ਹਿਤ ਭੇਟਾ ਕਰ ਚੁੱਕੇ ਹਨ। ਪਹਿਲੀ ਪੁਸਤਕ ਨੂੰ ਭਰਪੂਰ ਹੁੰਗਾਰਾ ਮਿਲਣ ਤੋਂ ਬਾਅਦ ਹਥਲੀ ਪੁਸਤਕ ਖਾਲਸੇ ਦੇ 300 ਸਾਲਾ ਜਨਮ ਦਿਹਾੜੇ ਨੂੰ ਮੁਖ ਰਖਦੇ ਹੋਏ ਖਾਲਸੇ ਦੇ ਮਾਰਗ ਦਰਸ਼ਨ ਲਈ ਪੇਸ਼ ਹੋਈ ਹੈ।

ਜਿਵੇਂ ਕਿ ਪੁਸਤਕ ਦੇ ਟਾਇਟਲ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਪੁਸਤਕ ਗੁਰੂ ਆਸੇ ਦੀ ਪੂਰਤੀ ਹਿਤ ਰਚੀ ਗਈ ਹੈ। ਲੇਖਕ ਨੇ ਪੁਸਤਕ ਵਿੱਚ ਨਿੱਕੇ ਨਿੱਕੇ ਨੁਕਤਿਆਂ ਤੇ ਬਹੁਤ ਭਾਵ ਭਿੰਨੀਆਂ ਟਿੱਪਣੀਆਂ ਕੀਤੀਆਂ ਹਨ। ਸਾਰੇ ਨੁਕਤਿਆਂ ਨੂੰ ਤਰਤੀਬ ਵਿੱਚ ਰੱਖ ਕੇ ਇਸ ਤਰ੍ਹਾਂ ਵਿਚਾਰਿਆ ਗਿਆ ਹੈ ਕਿ ਸਾਰੇ ਉਦੇਸ਼ ਦਾ ਉਸਾਰ ਵਿਗਿਆਨਕ ਢੰਗ ਨਾਲ ਹੋਇਆ ਜਾਪਦਾ ਹੈ। ਅਜਿਹੇ ਢੰਗ ਤਰੀਕੇ ਨਾਲ ਕੀਤਾ ਉਸਾਰ ਪੂਰੀ ਦਿਲਚਸਪੀ ਨਾਲ ਸਮਝ ਵਿੱਚ ਹਾਜ਼ਰ ਹੋਣ ਦੀ ਸਮਰੱਥਾ ਰੱਖਦਾ ਹੈ। 'ਸਭ ਤੇ ਵੱਡਾ ਸਤਿਗੁਰ ਨਾਨਕ' ਸਿਰਲੇਖ ਅਧੀਨ ਗੁਰੂ ਨਾਨਕ ਸਾਹਿਬ ਨੂੰ ਅਕਾਲ ਰੂਪ ਕਰਕੇ ਮੰਨਿਆ ਗਿਆ ਹੈ। ਭਾਵੇਂ ਗੁਰੂ ਨਾਨਕ ਸਾਹਿਬ ਪੰਜ ਭੌਤਿਕ ਸਰੀਰ ਦੇ ਮਾਲਕ ਸਨ ਪਰ ਉਹਨਾਂ ਵਿੱਚ ਅਕਾਲ ਪੁਰਖ ਵਾਲੇ ਸਾਰੇ ਗੁਣ ਮੌਜੂਦ ਸਨ ਜਿਸ ਕਰਕੇ ਉਹ ਅਕਾਲ ਰੂਪ ਹੀ ਲਗਦੇ ਸਨ।

ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਢੰਗ ਤੇ ਵਿਚਾਰ ਕਰਦੇ ਹੋਏ ਸ. ਬਲਵਿੰਦਰ ਸਿੰਘ ਜੀ ਇਸ ਨੂੰ ਲੋਕ ਰੂਪੀ ਤੇ ਲੋਕ ਸਮਝ ਦੇ ਨੇੜੇ ਦਾ ਮੰਨਦੇ ਹਨ। ਅਸਲ ਵਿੱਚ ਗੁਰੂ ਜੀ ਤਤਕਾਲੀਨ ਘਟਨਾਵਾਂ ਨੂੰ ਹੀ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਉਂਦੇ ਸਨ। ਉਦੋਂ ਜਦੋਂ ਲੋਕ ਕਿਸੇ ਘਟਨਾ ਚੱਕਰ ਵਿੱਚ ਫਸੇ ਹੁੰਦੇ ਸਨ ਗੁਰੂ ਜੀ ਵੱਲੋਂ ਪੇਸ਼ ਕੀਤਾ ਮਸ਼ਵਰਾ ਸਭਨਾਂ ਦੇ ਕਲਿਆਣ ਵਾਲਾ ਹੁੰਦਾ ਸੀ। ਗੁਰੂ ਜੀ ਦੇ ਸਮੇਂ ਭਾਵੇਂ ਇਕੋ ਦਮ ਸਭਨਾਂ ਨੇ ਉਸ ਸਭ ਕੁਝ ਨੂੰ ਨਾ ਮੰਨਿਆ ਹੋਵੇ, ਪਰ ਜਿਵੇਂ ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦਾ ਪ੍ਰਚਾਰ ਸੰਸਾਰ ਦੇ ਕਲਿਆਣ ਵਾਸਤੇ ਹੈ। ਲੇਖਕ ਦੇ 'ਆਪ ਵਿਚਾਰ' ਕਰਨ ਵਾਲੇ ਨੁਕਤੇ ਦਾ ਮਤਲਬ ਵੀ ਇਹੋ ਹੈ ਕਿ ਅਜਿਹਾ ਕਰਨ ਨਾਲ ਸਹੀ ਤੱਥ ਸਾਹਮਣੇ ਆ ਜਾਂਦਾ ਹੈ ਤੇ ਸਹੀ ਦੀ ਭਾਲ ਜ਼ਿੰਦਗੀ ਵਿੱਚ ਰਹਿੰਦੀ ਹੈ।

ਗੁਰਦੁਆਰਾ ਸਕੰਲਪ ਤੇ ਸਰੂਪ ਬਾਰੇ ਵਿਚਾਰ ਕਰਦੇ ਹੋਏ ਭਾਈ ਸਾਹਿਬ ਨੇ ਬੜੇ ਮਾਅਰਕੇ ਦੀ ਗੱਲ ਕੀਤੀ ਹੈ। ਉਹਨਾਂ ਦਾ ਇਸ਼ਾਰਾ ਸਚਿਆਰ ਸਿੱਖ ਬਣਨ ਵੱਲ ਹੈ, ਉਹ ਪੁਸਤਕ ਦੇ ਪੰਨਾ 53 ਤੇ ਕਹਿੰਦੇ ਹਨ ਕਿ "ਅਸੀਂ ਵੇਖ ਰਹੇ ਹਾਂ ਕਿ ਗੁਰਦੁਆਰੇ ਪੱਕੇ ਹੁੰਦੇ ਜਾ ਰਹੇ ਹਨ ਤੇ ਸਿੱਖ ਕੱਚੇ"। ਬੜੇ ਫਿਕਰਮੰਦ ਹੋਏ ਉਹ ਕਹਿੰਦੇ ਹਨ ਕਿ ਜਾਪਦਾ ਹੈ ਕਿ ਕੋਈ ਅਸਲੇ ਨਾਲ ਜੋੜਨ ਵਾਲੀ ਵਸਤ ਗੁਆਚ ਗਈ ਹੈ। 'ਗੁਰਮਤਿ ਵਿੱਚ ਵਿੱਦਿਆ ਦਾ ਸੰਕਲਪ' ਸ਼ਬਦ ਅਖੁਟ ਬਾਬਾ ਨਾਨਕਾ ਵਿੱਚ ਵਿਚਾਰ ਵਿਟਾਂਦਰਾ ਬੜੇ ਭਾਵਪੂਰਤ ਢੰਗ ਨਾਲ ਹੋਇਆ ਮਿਲਦਾ ਹੈ। ਭਾਈ ਸਾਹਿਬ ਦਸਦੇ ਹਨ ਕਿ ਬਹੁਤੇ ਖਲਜਗਣ ਵਿੱਚ ਨਹੀਂ ਪੈਣਾ ਚਾਹੀਦਾ ਜੋ ਕਰਨਾ ਹੈ ਉਸ ਨੂੰ ਸਪਸ਼ਟ ਤੌਰ ਤੇ ਮੰਨ ਲਓ ਨਹੀਂ ਤਾਂ ਫੇਰ ਨਾ ਮਾਇਆ ਮਿਲਣੀ ਹੈ ਨਾ ਰਾਮ। ਮਨ ਦੀ ਦੁਬਿਧਾ ਦੂਰ ਕਰਕੇ ਕੀਤੇ ਕਾਰਜ ਸਫ਼ਲ ਹੁੰਦੇ ਹਨ।

ਸੱਚ ਨੂੰ ਪ੍ਰਗਟ ਕਰਨ ਲਈ ਸ਼ਹੀਦੀ ਦੀ ਉਸਾਰੀ ਵਾਲੇ ਅਧਿਆਇ ਵਿੱਚ ਲੇਖਕ ਨੇ ਸ਼ਹੀਦੀ ਨੂੰ ਗੁਰਬਾਣੀ ਵਿੱਚੋਂ ਵੇਰਵੇ ਦੇ ਕੇ ਪਰਮਗਤੀ ਦਾ ਦਰਜਾ ਦਿੱਤਾ ਹੈ। ਮੌਤ ਯਥਾਰਥ ਹੈ, ਇਹ ਆਉਣੀ ਹੀ ਆਉਣੀ ਹੈ। ਪਰ ਜੇ ਇਹ ਮਨੁੱਖਤਾ ਦੀ ਸੇਵਾ ਕਰਦਿਆਂ ਆ ਜਾਵੇ ਤਾਂ ਜੀਵਨ ਥਾਇ ਪੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦੀ ਲਈ ਤੋਰ ਕੇ ਆਪ ਯਤੀਮ ਹੋਣਾ ਪ੍ਰਵਾਨ ਕਰ ਲਿਆ ਤਾਂ ਕਿ ਹਿੰਦੁਸਤਾਨ

* ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ ਜਿਲ੍ਹਾ ਫਤਹਿਗੜ੍ਹ ਸਾਹਿਬ

ਦੇ ਬਾਕੀ ਬੱਚੇ ਯਤੀਮ ਹੋਣ ਤੋਂ ਬਚ ਜਾਣ। ਨਮਸ਼ਕਾਰ ਹੈ ਅਜਿਹੀ ਸੋਚ ਨੂੰ। "ਕਬੀਰ ਸੂਤਾ ਕਿਆ ਕਰਹਿ" ਵਿੱਚ ਪ੍ਰਾਣੀ ਨੂੰ ਸੁਚੇਤ ਹੋਣ ਲਈ ਪ੍ਰੇਰਿਆ ਗਿਆ ਹੈ। ਗੁਰਮਤਿ ਅਤੇ ਇਹਨਾਂ ਸੰਸਥਾਵਾਂ ਤੇ ਸੰਪਰਦਾਵਾਂ ਵੱਲੋਂ ਕੀਤੇ ਜਾਂਦੇ ਗੁਰਮਤਿ ਪ੍ਰਚਾਰ ਦਾ ਤਾਂ ਸੁਆਗਤ ਕਰਦੇ ਹਨ ਪਰ ਕਈ ਥਾਵਾਂ ਤੇ ਗੁਰਮਤਿ ਦੀ ਚੇਪੀ ਲਾਕੇ ਕੀਤੇ ਜਾਂਦੇ ਦੁਰਮਤਿ ਦਾ ਪ੍ਰਚਾਰ ਦਾ ਸਖਤ ਵਿਰੋਧ ਕਰਦੇ ਹਨ। ਗੱਲ ਹੈ ਵੀ ਠੀਕ, ਕਿਉਂਕਿ ਕਈਆਂ ਨੇ ਤਾਂ ਗੁਰੂ ਦੇ ਨਾਮ ਦਾ ਭੁਲੇਖਾ ਪਾ ਕੇ ਲੁੱਟ ਹੀ ਮਚਾ ਰੱਖੀ ਹੈ।

ਗੁਪਤ ਨਾਮ ਪਰਗਾਝਾ ਦੀ ਵਿਆਖਿਆ ਕਰਦਿਆਂ ਮਨ ਦੀ ਸਹਿਜ ਅਵਸਥਾ ਰਾਹੀਂ ਪ੍ਰਭੂ ਦੀ ਹੋਂਦ ਦਾ ਅਹਿਸਾਸ ਹੋਣਾ ਦੱਸਿਆ ਹੈ ਜੋ ਕਿ ਕਿਸੇ ਵੀ ਪ੍ਰਪੰਚ ਤੋਂ ਮੁਕਤ ਹੈ। ਕਿਸੇ ਵੀ ਪ੍ਰਪੰਚ ਦੀ ਪ੍ਰਭੂ ਦਰਬਾਰ ਵਿੱਚ ਕੋਈ ਕੀਮਤ ਨਹੀਂ। ਸਹਿਜ ਅਵਸਥਾ ਵਿੱਚ ਵਿਚਰਦਿਆਂ ਚੁੱਪ ਚੁਪੀਤੇ ਉਸ ਵਾਹਿਗੁਰੂ ਦੇ ਦਰਬਾਰ ਦੀ ਬਾਰੀ ਖੁੱਲ੍ਹਦੀ ਹੈ ਤੇ ਫੇਰ ਗੁਪਤ ਨਾਮ ਪ੍ਰਗਟ ਹੁੰਦਾ ਹੈ ਜਿਸ ਨਾਲ ਸਦੀਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਧਰਮ ਤੇ ਸਿਆਸਤ, ਭਗਤਾਂ ਤੇ ਸੈਸਾਰੀਆ ਅਤੇ ਸੁਚੱਜੀ ਕੁਚੱਜੀ ਤੇ ਗੁਣਵੰਤੀ ਆਦਿ ਸੰਕਲਪਾਂ ਤੇ ਆਧਿਅਮ ਰਾਹੀਂ ਲੇਖਕ ਨੇ ਧਰਮ ਦੀ ਆੜ ਵਿੱਚ ਸਿਆਸੀ ਪੈਂਤੜੇਬਾਜੀ ਚਲਾਉਣ ਨੂੰ ਖਤਰਨਾਕ ਰੁਝਾਨ ਦੱਸਿਆ ਹੈ। ਇਸ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਘਟਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਤਾਂ ਸੱਚੋ ਈ ਸੱਚ ਨਿਬੜੈਂ ਵਾਲੀ ਗੱਲ ਹੋਣੀ ਚਾਹੀਦੀ ਹੈ। ਮਨੁੱਖੀ ਇਤਿਹਾਸ ਦੇ ਪਿਛਲੇ ਪੰਜ ਸੌ ਸਾਲਾਂ ਵਿੱਚ ਲੰਬੇ ਸੰਘਰਸ਼, ਬੇਅੰਤ ਕੁਰਬਾਨੀਆਂ ਤੋਂ ਬਾਅਦ ਤਰਾਸ ਤਰਾਸ ਕੇ ਪ੍ਰਕਾਸ਼ ਦੀ ਕਿਰਨ ਜੋ ਸਾਨੂੰ ਪ੍ਰਾਪਤ ਹੋਈ ਹੈ ਉਸਨੂੰ ਝੂਠ ਦੀ ਧੂੜ ਵਿੱਚ ਫੇਰ ਗੁੰਮ ਕਰਨਾ ਸਾਡੇ ਸਾਰਿਆਂ ਦੇ ਪਤਨ ਦਾ ਕਾਰਨ ਹੋਵੇਗਾ।

ਉਪਰੋਕਤ ਸਾਰੀ ਚਰਚਾ ਨੂੰ ਮੱਦੇ ਨਜ਼ਰ ਰੱਖਦਿਆਂ ਪੁਸਤਕ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਭਾਈ ਬਲਵਿੰਦਰ ਸਿੰਘ ਹੁਰਾਂ ਦਾ ਬੜਾ ਵੱਡਾ ਉੱਦਮ ਹੈ। ਅਜੋਕੇ ਸਮਿਆਂ ਵਿੱਚ ਦੁਨੀਆਂਦਾਰੀ ਦੇ ਨਸ਼ੇ ਵਿੱਚ ਘੂਕ ਸੁੱਤੇ ਇਨਸਾਨ ਨੂੰ ਜਗਾਉਣਾ ਤੇ ਫਿਰ ਉਸਨੂੰ ਸਮਝਾਉਣ ਦਾ ਯਤਨ ਕਰਨਾ ਕਿ ਭਾਈ ਅਸਲ ਵਿੱਚ ਕਰਨਾ ਕੀ ਹੈ ਦਾ ਕਾਰਜ ਕਿਸੇ ਵੱਡਭਾਗੀ ਦੇ ਹੀ ਹਿੱਸੇ ਆਉਂਦਾ ਹੈ। ਇੱਕ ਤਰ੍ਹਾਂ ਨਾਲ ਭਾਈ ਸਾਹਿਬ ਗੁਰੂ ਉਪਦੇਸ਼ ਨੂੰ ਘਰ ਘਰ ਪਹੁੰਚਣ ਵਿੱਚ ਲੱਗੇ ਹੋਏ ਹਨ। ਕਾਫੀ ਲੰਮੇ ਅਭਿਆਸ ਅਤੇ ਸਖਤ ਮਿਹਨਤ ਸਦਕਾ ਤਿਆਰ ਕੀਤੀ ਇਹ ਪੁਸਤਕ ਸਾਡੇ ਸਾਰਿਆਂ ਲਈ ਨਿਵੇਕਲੀ ਪ੍ਰਚਾਰ ਵਿਧੀ ਲੈ ਕੇ ਆਈ ਹੈ। ਪੁਸਤਕ ਦੀ ਖੂਬਸੂਰਤੀ ਜਿੰਨੀ ਵਿਚਾਰਾਂ ਪੱਖੋਂ ਹੈ ਉੱਨੀਂ ਹੀ ਦਿਖ ਪੱਖੋਂ ਹੈ ਕਿਉਂਕਿ ਇੱਕ ਤਾਂ ਕਿਸੇ ਨੇ ਨੀਝ ਲਾ ਕੇ ਇਸ ਨੂੰ ਟਾਈਪ ਕੀਤਾ ਹੈ ਦੂਜਾ ਪਰੂਫ ਬਗੈਰਾ ਵੀ ਪ੍ਰੇਮ ਸਹਿਤ ਵੇਖੇ ਗਏ ਜਾਪਦੇ ਹਨ। ਅਜਿਹੀਆਂ ਪੁਸਤਕਾਂ ਪੜ੍ਹਨ ਨਾਲ ਜੀਵਨ ਲਈ ਸੁਚੱਜਾ ਮਾਰਗ ਅਵਸ਼ ਲੱਭ ਪੈਂਦਾ ਹੈ। ■

● ● ●

**ਪੁਸਤਕ : ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿਤਰ ਅਸਥਾਨ**

**ਲੇਖਕ : ਇਕਬਾਲ ਕੈਸਰ**

ਪੰਨੇ : 415 ਕੀਮਤ : 2000 ਰੁਪਏ ਪ੍ਰਕਾਸ਼ਨ : ਪੰਜਾਬੀ ਇਤਿਹਾਸ ਬੋਰਡ, ਲਾਹੌਰ (ਪਾਕਿਸਤਾਨ)

**ਸਮੀਖਿਆਕਾਰ : ਡਾ. ਜਸਬੀਰ ਸਿੰਘ ਸਰਨਾ (ਕਸ਼ਮੀਰ)**

ਜਨਾਬ ਇਕਬਾਲ ਕੈਸਰ ਜੀ ਨੇ ਆਪਣੀ ਸਜਰੀ ਮੁਲਵਾਨ ਇਤਿਹਾਸਕ ਕਿਤਾਬ ਦਾਸ ਨੂੰ ਘੱਲੀ ਹੈ। ਇਸ ਕਿਤਾਬ ਵਿੱਚ 175 ਸਿੱਖਾਂ ਨਾਲ ਸੰਬੰਧਤ ਇਤਿਹਾਸਕ ਗੁਰਦੁਆਰੇ, ਅਸਥਾਨ, ਸਮਾਧਾਂ ਆਦਿ ਸ਼ਾਮਲ ਹਨ ਜੋ ਪੰਜਾਬੀਆਂ ਅਤੇ ਖਾਸਕਰ ਸਿੱਖਾਂ ਦੇ ਵੱਡਮੁੱਲੀ ਵਿਰਸੇ ਅਤੇ ਗੌਰਵ ਦੀ ਯਾਦ ਤਾਜ਼ਾ ਕਰਦੀ ਹੈ। ਭਾਵੇਂ ਇਸ ਤੋਂ ਪਹਿਲਾਂ 1962 ਵਿੱਚ ਖਾਨ ਮੁਹੰਮਦ ਵਲੀ-ਉਲਾ ਖਾਨ (ਲਾਹੌਰ) ਨੇ ਆਪਣੀ ਕਿਤਾਬ "Sikh Shrires in West Pakistan" ਛਾਪੀ ਸੀ ਅਤੇ ਉਨ੍ਹਾਂ ਤੋਂ ਬਾਅਦ ਹੋਰ ਵੀ ਕਈ ਕਿਤਾਬਾਂ ਵਿੱਚ ਪਾਕਿਸਤਾਨ ਵਿੱਚ ਰਹਿ ਗਏ ਗੁਰਦੁਆਰਿਆਂ ਦਾ ਜ਼ਿਕਰ ਆਇਆ ਹੈ ਪਰ ਹਥਲੀ-ਕਿਤਾਬ ਸੱਭ ਤੋਂ ਵੱਡੀ, ਖੋਜ ਭਰਪੂਰ ਅਤੇ ਕਈ ਗੁਰਦੁਆਰਿਆਂ/ਅਸਥਾਨਾਂ ਆਦਿ ਦੀ ਪਹਿਲੀ ਵੇਰ ਨਿਸ਼ਾਨ ਦੇਹੀ ਕਰਦੀ ਹੈ। ਪਾਕਿਸਤਾਨ ਵਿੱਚ 1998 ਦੀ ਪੰਜਾਬੀ ਦੀ ਸਭ ਤੋਂ ਖੂਬਸੂਰਤ ਅਤੇ ਮਹਿੰਗੀ ਕਿਤਾਬ ਹੈ।

ਇਕਬਾਲ ਕੈਸਰ ਇੱਕ ਅੰਤਰਰਾਸ਼ਟਰੀ ਪੰਜਾਬੀ ਲੇਖਕ ਹੈ ਜਿਸ ਦਾ ਨਾਂ ਬੜੇ ਪਿਆਰ ਤੇ ਸਤਿਕਾਰ ਨਾਲ ਧਾਰਮਿਕ ਤੇ ਸਾਹਿਤਕ ਹਲਕਿਆਂ ਵਿੱਚ ਲਿਆ ਜਾਂਦਾ

ਹੈ। ਇਸ ਕਿਤਾਬ ਤੋਂ ਪਹਿਲਾਂ ਉਹ "ਪਤਰ ਟਾਵਾਂ ਟਾਵਾਂ, ਰਾਜ ਕਰੇਗਾ ਖਾਲਸਾ, ਰਾਤਾਂ ਹੋਈਆਂ ਵੱਡੀਆਂ, ਅੰਗ ਤ੍ਰੇਤਾਂ ਪਈਆਂ, ਸੂਬਾ ਸਰਹੱਦ ਦੇ ਖਾਨ ਵਡੇਰੇ" ਮਾਂ ਬੋਲੀ ਦੀ ਝੋਲੀ ਪਾ ਚੁੱਕਿਆ ਹੈ। ਹੁਣ ਉਸ ਨੇ ਲਾਹੌਰ ਦੇ 376 ਪਿੰਡਾਂ ਦੀ ਤਵਾਰੀਖ ਲਿੱਖਣ ਦਾ ਬੀੜਾ ਚੁੱਕਿਆ ਹੋਇਆ ਹੈ। ਭਾਵੇਂ ਉਹਦੀ ਮਾਲੀ ਹਾਲਤ ਬਹੁਤੀ ਚੰਗੀ ਨਹੀਂ ਪਰ ਫਿਰ ਵੀ ਉਹ ਯਾਰ ਬੇਲੀਆਂ ਤੋਂ ਕਰਜ਼ੇ ਲੈ ਕੇ ਕਿਤਾਬਾਂ ਲਗਾਤਾਰ ਛਾਪ ਰਿਹਾ ਹੈ। ਇਹ ਮਜਬੂਰੀ ਕੇਵਲ ਇਕਬਾਲ ਕੈਸਰ ਦੀ ਹੀ ਨਹੀਂ ਸਗੋਂ ਬਹੁਤੇ ਪੰਜਾਬੀ ਲਿਖਾਰੀਆਂ ਦੀ ਹੈ। ਇਕਬਾਲ ਕੈਸਰ ਇੱਕ ਨੌਜਵਾਨ ਤਵਾਰੀਖਦਾਨ ਹੈ ਜਿਸ ਨੇ ਬੜੀ ਮਿਹਨਤ, ਤਨਦਹੀ ਅਤੇ ਸਿਦਕ-ਦਿਲੀ ਨਾਲ ਇਹ ਕੰਮ ਸਰ-ਅੰਜਾਮ ਦਿਤਾ ਹੈ। ਇਸ ਨੇ ਇਨ੍ਹਾਂ ਗੁਰਦੁਆਰਿਆਂ, ਅਸਥਾਨਾਂ, ਸਮਾਧਾਂ ਆਦਿ ਬਾਰੇ ਬਖ਼ੇੜ ਅਤੇ ਦੂਰਦੁਰਾਜ਼ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਪਚੀ ਤੋਂ ਤੀਹ ਹਜ਼ਾਰ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ, ਇਹ ਖ਼ੂਬਸੂਰਤ ਗੁਲਦਸਤ-ਏ-ਕਿਤਾਬ ਪੰਜਾਬੀਆਂ ਨੂੰ ਅਤੇ ਖਾਸਕਰ ਸਿੱਖ ਕੌਮ ਲਈ ਭੇਟਾ ਕੀਤੀ ਹੈ।

ਇਹ ਸਾਰਾ ਕੰਮ ਧਾਰ ਤੇ ਤੁਰਨ ਬਰਾਬਰ ਹੈ। ਕੇਵਲ ਇਕਬਾਲ ਕੈਸਰ ਜਿਹਾ ਸਿਦਕੀ, ਸਿਰੜੀ, ਸੂਝਵਾਨ ਤੇ ਚਿੰਤਕ ਲੇਖਕ ਹੀ ਕਰ ਸਕਦਾ ਹੈ। ਹਰ ਤਵਾਰੀਖ ਅਸਥਾਨ ਦੀ ਆਪੇ ਫੋਟੋਗ੍ਰਾਫੀ ਕਰਨੀ, ਅਲੋਪ ਹੋ ਰਹੇ ਪਿੰਡਾਂ ਦਾ ਖੁਰਾਖੋਜ ਲੱਭਣਾ ਅਤੇ ਕਿਤਾਬਾਂ ਵਿੱਚੋਂ ਹਵਾਲੇ ਢੂੰਢਣੇ, ਸਾਰੇ ਲੇਖਕਾਂ ਦੇ ਹਿਸੇ ਨਹੀਂ ਆਉਂਦਾ। ਇਸ ਪ੍ਰੋਜੇਕਟ ਨੂੰ ਮੁਕੰਮਲ ਕਰਨਾ ਕਿਸੇ ਯੂਨੀਵਰਸਿਟੀ ਅਤੇ ਸੰਸਥਾ ਦਾ ਕੰਮ ਸੀ ਜੋ ਇਕਬਾਲ ਕੈਸਰ ਨੇ ਨੇਪੜੇ ਚਾੜ੍ਹਿਆ ਹੈ।

ਇਕਬਾਲ ਕੈਸਰ ਨੇ ਠੀਕ ਲਿਖਿਆ ਹੈ, "ਮੈਨੂੰ ਇਸ ਗੱਲ ਦੀ ਬੇਅੰਤ ਖੁਸ਼ੀ ਹੈ ਕਿ ਇਹ ਕੰਮ ਉਸ ਵੇਲੇ ਸਾਹਮਣੇ ਆ ਰਿਹਾ ਹੈ ਜਦੋਂ ਅਸੀਂ ਆਪਨੀ ਆਜ਼ਾਦੀ ਦੇ ਪੰਜਾਹ ਵਰ੍ਹੇ ਪੂਰੇ ਕਰ ਚੁੱਕੇ ਹਾਂ ਅਤੇ ਸਿੱਖ ਕੌਮ ਆਉਂਦੇ ਵਰ੍ਹੇ ਆਪਨਾ ਤਿੰਨ ਸੌ ਸਾਲਾ ਜਨਮ ਦਿਨ ਮਨਾ ਰਹੀ ਹੋਵੇਗੀ। ਮੈਂ ਆਪਨੀ ਕੌਮ ਵਲੋਂ ਸਿੱਖ ਪੰਥ ਦੇ 300 ਸਾਲਾ ਵਰ੍ਹੇ ਗੰਢ ਨੂੰ ਜੀ ਆਇਆਂ ਕਹਿੰਦੇ ਹੋਏ ਇਹ ਕਿਤਾਬ ਤੋਹਫੇ ਵਜੋਂ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਦਾ ਹਾਂ।"

ਇਸ ਕਿਤਾਬ ਦੀ ਵੱਡੀ ਖ਼ੂਬੀ ਇਹ ਹੈ ਕਿ ਇਸ ਨੂੰ ਪੰਜਾਬੀ ਜ਼ਬਾਨ ਦੀਆਂ ਦੋਵੇਂ ਲਿਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਨਾਲ ਨਾਲ ਲਿਖਿਆ ਗਿਆ ਹੈ ਅਤੇ ਅੰਗ੍ਰੇਜ਼ੀ ਵਿੱਚ ਵੀ ਅਨੁਵਾਦ ਦਿੱਤਾ ਗਿਆ ਹੈ। ਇਸ ਕਿਤਾਬ ਨੂੰ ਖ਼ੂਬਸੂਰਤ ਆਰਟ ਪੇਪਰ ਤੇ ਛਾਪਿਆ ਗਿਆ ਹੈ ਜਿਸ ਵਿੱਚ ਗੁਰਦੁਆਰਿਆਂ, ਅਸਥਾਨਾਂ ਆਦਿ ਦੀਆਂ ਰੰਗੀਨ ਫੋਟੋਆਂ ਵੀ ਛਾਪੀਆਂ ਗਈਆਂ ਹਨ। ਮੈਂ ਆਪਨੇ ਵਲੋਂ ਅਤੇ ਸਿੱਖ ਕੌਮ ਵਲੋਂ ਇਕਬਾਲ ਕੈਸਰ ਨੂੰ ਇਕ "ਸ਼ਾਹਕਾਰ" ਪੇਸ਼ ਕਰਨ ਤੇ ਤਹਿ ਦਿਲੋਂ ਸਵਾਗਤ ਕਰਦਾ ਹਾਂ। ਹਰ ਸੂਝਵਾਨ ਸਿੱਖ ਕੋਲ ਇਹ ਕਿਤਾਬ ਹੋਣੀ ਲਾਜ਼ਮੀ ਹੈ ਅਤੇ ਆਪਨੇ ਗੌਰਵਮਈ ਵਿਰਸੇ ਦੀ ਯਾਦ ਤਾਜ਼ਾ ਕਰਦੀ ਹੈ। ■

● ● ●

**ਪੁਸਤਕ : ਖਾਲਸਾ ਸੰਦਰਭ ਕੋਸ਼**    **ਸੰਪਾਦਕ : ਡਾ. ਜਾਗੀਰ ਸਿੰਘ**

**ਪੰਨੇ :** 144    **ਕੀਮਤ :** 110 ਰੁਪਏ    **ਪ੍ਰਕਾਸ਼ਨ : ਪੰਜਾਬ ਸਕੂਲ ਸਿਖਿਆ ਬੋਰਡ, ਮੁਹਾਲੀ**

**ਸਮੀਖਿਆਕਾਰ : ਪਿਆਰਾ ਸਿੰਘ ਪਦਮ**

ਜਿਸ ਉਤਸ਼ਾਹ ਤੇ ਜੋਸ਼ੋ ਖਰੋਸ਼ ਨਾਲ ਤ੍ਰੈ ਸੌ ਸਾਲਾ ਖਾਲਸਾ ਜਨਮ ਸ਼ਤਾਬਦੀ ਮਨਾਈ ਗਈ ਹੈ, ਉਸ ਉਤਸ਼ਾਹ ਤੇ ਦੂਰ ਦ੍ਰਿਸ਼ਟੀ ਨਾਲ ਇਸ ਨਵੀਨ ਪੰਥ ਬਾਰੇ ਲੋੜੀਂਦਾ ਲਿਟੇਚਰ ਨਹੀਂ ਪੈਦਾ ਕੀਤਾ ਗਿਆ ਨਾ ਅੰਗਰੇਜੀ, ਹਿੰਦੀ ਵਿਚ ਤੇ ਨਾ ਹੀ ਪੰਜਾਬੀ ਵਿਚ, ਇਹ ਦੁਖਾਂਤ ਚਿਰਾਂ ਤੋਂ ਸਾਡੇ ਨਾਲ ਚਲਦਾ ਆ ਰਿਹਾ ਹੈ ਤੇ ਇਸ ਦਾ ਸੰਤਾਪ ਅਸੀਂ ਸਦੀਆਂ ਤੋਂ ਭੋਗ ਰਹੇ ਹਾਂ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੁਜਾਨ ਪ੍ਰਬੰਧਕ ਇਸ ਗੱਲ ਲਈ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖਕੇ ਇਹ 'ਖਾਲਸਾ ਸੰਦਰਭ ਕੋਸ਼ ਬਿਲਕੁਲ ਸਮੇਂ ਸਿਰ ਤਿਆਰ ਕਰਕੇ ਪਾਠਕਾਂ ਦੇ ਸਨਮੁੱਖ ਰੱਖਿਆ ਹੈ। ਜਤਨ ਕੀਤਾ ਗਿਆ ਹੈ ਕਿ ਖਾਲਸਾ ਪੰਥ ਨਾਲ ਸਬੰਧਿਤ ਇਤਿਹਾਸਕ ਵਸਤਾਂ, ਅਸਥਾਨਾਂ ਤੇ ਹੋਰ ਸਰਕਾਰਾਂ ਸੰਬੰਧੀ ਲੋੜੀਂਦੀ ਜਾਣਕਾਰੀ ਦਿੱਤੀ ਜਾਵੇ। ਲਗਭੱਗ ਸਵਾ ਸੌ ਤੋਂ ਉੱਤੇ ਇੰਦਰਾਜ ਤੇ ਫਿਰ ਇਸ ਦਾ ਸਚਿਤ੍ਰ ਪ੍ਰਕਾਸ਼ਨ ਬਹੁਤ ਹੀ ਅਕਾਰਸ਼ਨ ਪੈਦਾ ਕਰਨ ਵਾਲਾ ਹੈ, ਇਸ ਲਈ ਵਿਭਾਗ ਹੀ ਨਹੀਂ ਬਲਕਿ ਸਾਹਿਤਕਾਰ ਜਾਂ ਸੰਪਾਦਕ ਵੀ ਸ਼ਲਾਘਾ ਦਾ ਹੱਕਦਾਰ ਹੈ। ਜਿਸਨੇ ਬੜੀ ਹੀ ਸਰਲ ਭਾਸ਼ਾ ਵਿੱਚ ਇਹ ਜਾਣਕਾਰੀ ਪੇਸ਼ ਕੀਤੀ ਹੈ। ਕਈ ਐਂਟਰੀਆਂ ਦੀ ਜਾਣਕਾਰੀ ਸੰਪੂਰਨ ਨਹੀਂ ਜਾਂ ਸਹੀ ਵੀ ਨਹੀਂ। ਇਸ

ਦਾ ਕਾਰਣ ਡਾ. ਕਾਨ ਸਿੰਘ ਨਾਭਾ ਦੇ ਲਿਖੇ ਮਹਾਨ ਕੋਸ਼ ਉਤੇ ਹੀ ਪੂਰਾ ਨਿਰਭਰ ਕਰਨਾ ਹੈ, ਉਸ ਮਹਾਨ ਕੋਸ਼ ਨੂੰ ਲਿਖੇ 70-80 ਵਰ੍ਹੇ ਹੋ ਚੁੱਕੇ ਹਨ ਤੇ ਉਸ ਤੋਂ ਬਾਦ ਅਨੇਕਾਂ ਗੱਲਾਂ ਨਵੀਂ ਰੋਸ਼ਨੀ ਨੇ ਲੱਭ ਕੇ ਤੱਥਾਂ ਵਿੱਚ ਤਬਦੀਲੀ ਲਿਆਂਦੀ ਹੈ, ਸੋ ਉਨ੍ਹਾਂ ਨੂੰ ਜਾਚਣਾ ਚਾਹੀਦਾ ਸੀ। ਮੈਂ ਉਮੀਦ ਕਰਦਾ ਹਾਂ ਕਿ ਅਗਲੀ ਛਾਪ ਵਿੱਚ ਉਨ੍ਹਾਂ ਨਵੀਨਤਮ ਖੋਜਾਂ ਨੂੰ ਸ਼ਾਮਲ ਕਰਕੇ ਇਸ ਨੂੰ ਸੋਧ ਲਿਆ ਜਾਵੇਗਾ। ਜਿਵੇਂ ਕਿ ਗੱਲ ਨੂੰ ਸਮਝਾਉਣ ਲਈ ਮੈਂ ਕਹਿ ਸਕਦਾ ਹਾਂ ਕਿ ਕਰਤਾ ਮਹਾਨ ਕੋਸ਼ ਨੇ ਸ੍ਰੀ ਕਲਗੀਧਰ ਜੀ ਦਾ ਆਨੰਦਪੁਰ ਤਿਆਗ ਦਾ ਸੰਮਤ 1761 ਬਿ. ਦਿੱਤਾ ਹੈ ਲੇਕਿਨ ਨਵੇਂ ਪ੍ਰਕਾਸ਼ਕ 1762 ਬਿ. ਮੰਨਿਆ ਹੈ ਜੋ ਕਿ ਘਟਨਾਵਲੀ ਦੇ ਪੱਖੋਂ ਠੀਕ ਹੈ। ਇਸ ਕੋਸ਼ ਵਿੱਚ ਵੀ 1761 ਬਿ. ਅੰਕਿਤ ਕੀਤਾ ਗਿਆ ਹੈ, ਅਨੇਕ ਥਾਈਂ ਇਸ ਨਿਕੀ ਜਿਹੀ ਉਕਾਈ ਨੇ ਸਭ ਥਾਂ ਥਾਂ ਗੜਬੜ ਮਚਾ ਰਖੀ ਹੈ। ਸੋ ਵਰਤਮਾਨ ਖੋਜ ਨੂੰ ਸਨਮੁਖ ਰਖਦੇ ਹੋਏ ਇਹ ਤਬਦੀਲੀ ਥਾਂ ਥਾਂ ਕਰਨੀ ਜ਼ਰੂਰੀ ਹੈ। ਆਸ ਹੈ ਕਿ ਇਸ ਤਰ੍ਹਾਂ ਦੀਆਂ ਊਣਤਾਈਆਂ ਨਵੀਂ ਛਾਪ ਵਿੱਚ ਦੂਰ ਕਰ ਲਈਆਂ ਜਾਣਗੀਆਂ। ■

*ਨੋਟ : 'ਖਾਲਸਾ ਸੰਦਰਭ ਕੋਸ਼' ਪ੍ਰਾਪਤ ਕਰਨ ਲਈ ਲਿਖੋ : ਅੰਮ੍ਰਿਤ ਕੀਰਤਨ ਟ੍ਰਸਟ, 422 ਸੈਕਟਰ 15ਏ, ਚੰਡੀਗੜ੍ਹ*

**ਜਰੂਰੀ ਬੇਨਤੀ**

ਜੇ ਤੁਹਾਡੇ ਕੋਲ ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ
ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ, ਧੰਨਵਾਦੀ ਹੋਵਾਂਗੇ

**ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ**

*ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।*

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

*With compliments from*
*Harbhajan Singh*
*Manjeet Pal Kaur*

Ph : Shop - 544518, 544853
Resi - 28881, 32267

*Sapan Garments*

Manufacturer of :
JEANS & CASUALS

S.C.O. 80-81, Sector 17-D, Chandigarh

*With compliments from*

***Hardev Singh***

**GURU NANAK TRANSPORT COMPANY**

Transport Chaurha, Station Road, Sitapur 261 001 (U.P.)
Phone: Off.: 42858 Resi.: 43973

# ਵੈਦ ਭਾਈ ਹਰਬੰਸ ਸਿੰਘ 'ਹੰਸ'

ਭਾਈ ਦਰਸ਼ਨ ਸਿੰਘ *

ਕੀਰਤਨ ਗੁਰੂ ਨਾਨਕ ਪਾਤਿਸ਼ਾਹ ਵੱਲੋਂ ਪ੍ਰਾਣੀ ਮਾਤਰ ਨੂੰ ਬਖ਼ਸ਼ਿਸ ਹੋਇਆ ਸ਼੍ਰੇਸ਼ਟ ਤੋਹਫਾ ਹੈ। ਕੀਰਤਨ, ਚਿੰਤੰਤ, ਭੈ-ਭੀਤ, ਨਿਰਾਸ ਪ੍ਰਾਣੀ ਨੂੰ ਸਥਾਈ ਸੰਤੁਸ਼ਟੀ ਤੇ ਮਾਨਸਿਕ ਸਾਂਤੀ ਪ੍ਰਦਾਨ ਕਰਦਾ ਹੈ। ਕੀਰਤਨ ਦਾ ਅਰਥ ਗੁਰਬਾਣੀ ਨੂੰ ਸੰਗੀਤ ਵਿੱਚ ਸਮੋ ਕੇ ਗਾਉਣਾ ਹੈ। ਗੁਰਬਾਣੀ ਕੀਰਤਨ ਵਿੱਚ ਦੁਨਿਆਵੀ ਸੰਗੀਤ ਵਾਲੀ ਚੰਚਲਤਾ ਲਈ ਕੋਈ ਥਾਂ ਨਹੀਂ। ਕੀਰਤਨ ਨੂੰ ਸਤਿਗੁਰਾਂ ਨੇ ਨਿਰਮੋਲਕ ਹੀਰਾ ਕਹਿ ਕੇ ਸਨਮਾਨਿਆ ਹੈ। ਕੀਰਤਨ ਨਿਰਮੋਲਕ ਹੀਰੇ ਨੂੰ ਅਨੇਕਾਂ ਗੁਰੂ ਕੇ ਪਿਆਰੇ ਕੀਰਤਨੀਏ ਸੰਗਤਾਂ ਵਿੱਚ ਵੰਡ ਰਹੇ ਹਨ। ਵੈਦ ਭਾਈ ਹਰਬੰਸ ਸਿੰਘ ਜੀ 'ਹੰਸ' ਵੀ ਅਜਿਹੇ ਹੀ ਕੀਰਤਨੀਏ ਹਨ ਜੋ ਕੀਰਤਨ ਰਾਹੀਂ ਅਤੇ ਵੈਦਗੀ ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹਨ। ਆਪ ਜੀ ਟਿਕਾਉ ਵਿਚ ਅਨੰਦ ਮਈ ਕੀਰਤਨ ਕਰਦੇ ਹਨ।

ਭਾਈ ਸਾਹਿਬ ਦਾ ਜਨਮ ਮਾਤਾ ਗਿਆਨ ਕੌਰ ਦੀ ਕੁੱਖੋਂ ਵੈਦ ਭਾਈ ਸਮਸ਼ੇਰ ਸਿੰਘ ਦੇ ਘਰ 1-10-1950 ਵਿੱਚ ਪਿੰਡ ਅਲਾਲ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਪ੍ਰਸਿੱਧ ਵੈਦ, ਕਵੀ ਅਤੇ ਵਿਦਵਾਨ ਗੁਰਸਿੱਖ ਸਨ। ਮੁੱਢਲੀ ਧਾਰਮਿਕ ਵਿੱਦਿਆ 'ਹੰਸ ਜੀ' ਨੇ ਆਪਣੇ ਸੂਝਵਾਨ ਪਿਤਾ ਜੀ ਤੋਂ ਹਾਸਲ ਕੀਤੀ। ਗੁਰਬਾਣੀ ਕੀਰਤਨ ਦੀ ਸਿੱਖਿਆ ਭਾਈ ਚੰਨਣ ਸਿੰਘ ਨਨਕਾਣਾ ਸਾਹਿਬ ਵਾਲਿਆਂ ਪਾਸੋਂ ਪ੍ਰਾਪਤ ਕੀਤੀ। ਬਾਅਦ ਵਿੱਚ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਡਿਪਲੋਮਾ ਵੀ ਪਾਸ ਕੀਤਾ। ਕੁਝ ਸਮਾਂ ਢਾਡੀ ਜਥਾ ਬਣਾ ਕੇ ਸੇਵਾ ਕਰਦੇ ਰਹੇ। 1977 ਤੋਂ ਕੀਰਤਨ ਨੂੰ ਸਮਰਪਿਤ ਹੋ ਗਏ। ਪਹਿਲੀ ਵਾਰ ਭਾਈ ਸੁਰਜੀਤ ਸਿੰਘ ਰਾਗੀ ਨਾਲ ਗੁ: ਬਾਬਾ ਅਜਾਪਾਲ ਸਿੰਘ ਗੁ: ਘੋੜਿਆਂ ਵਾਲਾ ਨਾਭਾ ਵਿਖੇ ਸਹਾਇਕ ਰਾਗੀ ਰਹੇ ਫਿਰ ਇਸੇ ਅਸਥਾਨ ਤੇ ਬਤੌਰ ਹੈਡ ਰਾਗੀ ਕਾਫੀ ਸਮਾਂ ਸੇਵਾ ਕੀਤੀ। 1982 ਤੋਂ 1985 ਗੁ: ਪਾਤਿਸ਼ਾਹੀ ਪਹਿਲੀ ਸੁਨਾਮ ਵਿਖੇ ਕੀਰਤਨ ਸੇਵਾ ਕਰਦੇ ਰਹੇ। ਇਥੇ ਆਪ ਜੀ ਨੇ ਸੂਝਵਾਨ ਗੁਰਸਿੱਖਾਂ ਨੂੰ ਇਕੱਤਰ ਕਰਕੇ ਖਾਲਸਾ ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਕਰਵਾਈ, ਜਿਸ ਦਾ ਮੁੱਖ ਮੰਤਵ ਨਿਰੋਲ ਧਰਮ ਪ੍ਰਚਾਰ ਤੇ ਕੀਰਤਨ ਦਰਬਾਰ, ਅੰਮ੍ਰਿਤ ਸੰਚਾਰ ਕਰਵਾਉਣਾ ਹੈ। ਆਪ ਕਮੇਟੀ ਦੇ ਕਈ ਸਾਲ ਪ੍ਰਧਾਨ ਰਹੇ। ਫਿਰ ਸੰਗਰੂਰ, ਬਠਿੰਡਾ, ਮਲੋਟ, ਡੱਬਵਾਲੀ ਆਦਿ ਸ਼ਹਿਰਾਂ ਦੇ ਗੁ: ਸਹਿਬਾਨਾਂ ਵਿੱਚ ਕੀਰਤਨ ਸੇਵਾ ਕਰਦੇ ਰਹੇ। ਗੁ: ਸ੍ਰੀ ਗੁਰੂ ਸਿੰਘ ਸਭਾ ਮਲੋਟ ਵਿਖੇ ਆਪ ਜੀ ਲਗਾਤਾਰ 7-8 ਸਾਲ ਸੇਵਾ ਨਿਵਾਉਂਦੇ ਰਹੇ ਇੱਥੇ ਕਈ ਪ੍ਰਾਣੀਆਂ ਨੂੰ ਕੀਰਤਨ ਦੀ ਦਾਤ ਬਖ਼ਸ਼ੀ, ਹੁਣ ਮਲੋਟ ਦੇ ਕਈ ਗੁਰਦੁਆਰਾ ਸਾਹਿਬਾਨ ਵਿੱਚ ਆਪ ਦੇ ਸ਼ਗਿਰਦ ਹੀ ਸੇਵਾ ਕਰ ਰਹੇ ਹਨ। ਮਲੋਟ ਵਿੱਚ ਵੀ ਆਪ ਜੀ ਨੇ ਖਾਲਸਾ ਧਰਮ ਪ੍ਰਚਾਰ ਕਮੇਟੀ ਅਤੇ ਗੁਰਮਤਿ ਗ੍ਰੰਥੀ ਸਭਾ ਦੀ ਸਥਾਪਨਾ ਕਰਵਾਈ। ਵੱਡੇ-ਵੱਡੇ ਸ਼ਹਿਰਾਂ 'ਚ ਅਕਸਰ ਕੀਰਤਨ ਲਈ ਆਪ ਜੀ ਨੂੰ ਬੁਲਾਇਆ ਜਾਂਦਾ ਹੈ। ਬੰਬਈ ਵਿਖੇ ਵੀ ਕਈ ਵਾਰ ਗੁਰਪੁਰਬਾਂ ਤੇ ਸੰਗਤਾਂ ਨੇ ਆਪ ਜੀ ਨੂੰ ਬੁਲਾਇਆ ਹੈ। ਸ੍ਰੀ ਦਰਬਾਰ ਸਾਹਿਬ ਮੁਕਤਸਰ, ਸ੍ਰੀ ਹਜ਼ੂਰ ਸਾਹਿਬ ਨਦੇੜ ਸਾਹਿਬ ਅਤੇ ਹੋਰ ਪ੍ਰਸਿੱਧ ਗੁਰਧਾਮਾਂ ਤੇ ਆਪ ਜੀ ਨੇ ਹਾਜ਼ਰੀ ਭਰੀ ਹੈ। ਆਪ ਦੇ ਜੀਵਨ ਅਤੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਇਕ ਵਾਰ ਸ: ਬਲਦੇਵ ਸਿੰਘ ਸਿਬੀਆ ਸਾਬਕਾ ਪ੍ਰਧਾਨ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ ਪੱਕੇ ਤੌਰ ਤੇ ਸੇਵਾ ਕਰਨ ਲਈ ਪੇਸ਼ਕਸ ਕੀਤੀ ਪਰ ਮਲੋਟ ਦੀਆਂ ਸੰਗਤਾਂ ਨੇ ਆਪ ਜੀ ਨੂੰ ਜਾਣ ਨਾ ਦਿੱਤਾ। ਹੰਸ ਜੀ ਸੂਝਵਾਨ ਕੀਰਤਨੀਏ ਹੋਣ ਦੇ ਨਾਲ-ਨਾਲ ਸਿਆਣੇ ਵੈਦ ਵੀ ਹਨ। ਵੈਦਕ ਦਾ ਗੁਣ ਪਿਤਾ ਜੀ ਤੋਂ ਪ੍ਰਾਪਤ ਕੀਤਾ ਹੈ। ਸਾਰੇ ਰੋਗਾਂ ਦਾ ਸੁਚੱਜੇ ਢੰਗ ਨਾਲ ਇਲਾਜ ਕਰ ਲੈਂਦੇ ਹਨ। ਨਜ਼ਲੇ ਵਾਸਤੇ ਆਪ ਬਹੁਤ ਵਧੀਆ ਦੁਆਈ ਬਣਾਉਂਦੇ ਹਨ; ਜਿਸ ਨਾਲ ਹਜ਼ਾਰਾਂ ਮਰੀਜ਼ ਅਤੇ ਕਈ ਰਾਗੀ, ਢਾਡੀ ਕਲਾਕਾਰ ਵੀ ਲਾਭ ਪ੍ਰਾਪਤ ਕਰ ਚੁੱਕੇ ਹਨ। ਸਾਂਹ (ਦਮੇ) ਦੀ ਦੁਆਈ ਹਰ ਮੰਗਲਵਾਰ ਨੂੰ ਆਪ ਜੀ ਬਿਲਕੁਲ ਫਰੀ ਦਿੰਦੇ ਹਨ। ਪੁਰਾਣੇ ਤੋਂ ਪੁਰਾਣੇ ਰੋਗੀ ਇਸ ਦੁਆਈ ਨਾਲ ਰਾਜ਼ੀ ਹੋ ਜਾਂਦੇ ਹਨ।

ਭਾਈ ਸਾਹਿਬ ਜੀ ਨੂੰ ਕਵਿਤਾ ਲਿਖਣ ਦਾ ਵੀ ਸ਼ੌਕ ਹੈ, ਕਾਫੀ ਕਵਿਤਾਵਾਂ ਦੀ ਰਚਨਾ ਕੀਤੀ ਹੈ। ਆਪ ਗਿ: ਬਲਦੇਵ ਸਿੰਘ ਮੌਜੀ ਨੂੰ ਕਵਿਤਾ ਲਈ ਆਪਣਾ ਉਸਤਾਦ ਮੰਨਦੇ ਹਨ। ਆਪ ਜੀ ਰਹਿਤ ਬਹਿਤ ਵਿੱਚ ਵੀ ਬਹੁਤ ਪ੍ਰਪੱਕ ਹਨ ਨਿਤਨੇਮੀ ਹਨ, ਸਿੱਖੀ ਜਜ਼ਬੇ ਵਾਲੇ ਸਿੰਘ ਹਨ। ਰਹਿਤ ਮਰਯਾਦਾ ਸਬੰਧੀ ਆਪ ਕਿਸੇ

* ਗੁਰਦੁਆਰਾ ਸਾਹਿਬ ਕਲਗੀਧਰ, ਇੰਦਰਾ ਕਲੋਨੀ, ਸੰਗਰੂਰ

ਦਾ ਵੀ ਲਿਹਾਜ਼ ਨਹੀਂ ਰੱਖਦੇ। ਮਰਯਾਦਾ ਤੋਂ ਉਲਟ ਵੇਖ ਕੇ ਦ੍ਰਿੜ੍ਹਤਾ ਨਾਲ ਕਹਿ ਦਿੰਦੇ ਹਨ। ਗੁਰਬਾਣੀ ਦੇ ਸ਼ੁੱਧ ਉਚਾਰਣ ਤੇ ਬਹੁਤ ਜ਼ੋਰ ਦਿੰਦੇ ਹਨ। ਆਪ ਟਕਸਾਲੀ ਪਾਠੀ ਹਨ, ਅਤੇ ਗੁਰਬਾਣੀ ਦੀ ਕਥਾ ਕਰਨ ਦੀ ਯੋਗਤਾ ਵੀ ਰੱਖਦੇ ਹਨ। ਆਪ ਜੀ ਦੀ ਇਕ ਕੈਸਟ ਵੀ ਮਾਰਕੀਟ ਵਿਚ ਆ ਚੁੱਕੀ ਹੈ ਜਿਸ ਦਾ ਨਾਮ ਹੈ "ਹਮਰਾ ਖੁਸੀ ਕਰੈ ਨਿਤ ਜੀਓ॥" ਆਪ ਜੀ ਦਾ ਸਾਰਾ ਪਰਿਵਾਰ ਹੀ ਗੁਰਸਿਖੀ ਅਤੇ ਕੀਰਤਨ ਨਾਲ ਜੁੜਿਆ ਹੋਇਆ ਹੈ ਆਪ ਜੀ ਦੇ ਵੱਡੇ ਸਪੁੱਤਰ ਭਾਈ ਅਵਤਾਰ ਸਿੰਘ ਜੀ ਬਹੁਤ ਵਧੀਆ ਤਬਲਾ ਵਾਦਕ ਅਤੇ ਰਾਗੀ ਹਨ ਇਨਾਂ ਨੇ ਸੰਗੀਤ ਵਿਸ਼ਾਰਦ ਕੀਤੀ ਹੋਈ ਹੈ। ਅਜਕੱਲ ਗੁ: ਨਾਨਕਪੁਰਾ ਸੰਗਰੂਰ ਵਿਖੇ ਸੇਵਾ ਕਰ ਰਹੇ ਹਨ। ਛੋਟੇ ਸਪੁੱਤਰ ਭਾਈ ਜਗਤਾਰ ਸਿੰਘ ਤੇ ਭਾਈ ਬਲਕਾਰ ਸਿੰਘ ਹੁਣ ਆਪ ਜੀ ਨਾਲ ਕੀਰਤਨ 'ਚ ਸਾਥ ਦਿੰਦੇ ਹਨ। ਭਾਈ ਸਾਹਿਬ ਨੂੰ 13 ਸਾਲਾਂ ਬਾਅਦ ਫਿਰ ਸੁਨਾਮ ਦੀਆਂ ਸੰਗਤਾਂ ਨੇ ਗੁ: ਪਾਤਿਸ਼ਾਹੀ ਪਹਿਲੀ ਸੁਨਾਮ ਲਿਆਂਦਾ ਹੈ ਇਥੇ ਆਪ ਕੀਰਤਨ ਅਤੇ ਦੁਆਈ ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹਨ। ਸ੍ਰ. ਭਾਈ ਬਖਸ਼ੀਸ ਸਿੰਘ ਅਤੇ ਭਾਈ ਚਤਰ ਸਿੰਘ ਸਿੱਧੀ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ, ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹਨ। ■


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿੱਲਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ। ਕੀਮਤ ਕੇਵਲ 30 ਰੁਪਏ, ਡਾਕ ਖਰਚ ਮਸੇਤ।

ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ



Life in itself is not meaningful.

It is meaningful only if you can sing a song of the eternal,
if you can release some fragrance of the divine, of the godly,
if you can become a lotus flower
- deathless, timeless.

If you can become pure love,
if you can beautify this existence,
if you can become a blessing to this existence,
only then does life have significance;
otherwise it is pointless.

It is like an empty canvas:
you can go on carrying it your whole life
and you can die under
its weight, but what is the point ?

Paint some thing on it !

With best compliments from
*a wellwisher*

# ਬਾਬਾ ਬੁੱਢਾ ਜੀ

ਪ੍ਰੋ. ਕਰਤਾਰ ਸਿੰਘ

ਬਾਬਾ ਬੁੱਢਾ ਜੀ ਬੜੇ ਪ੍ਰਸਿੱਧ ਤੇ ਕਰਨੀ ਵਾਲੇ ਸਿੱਖ ਹੋਏ ਹਨ। ਇਨ੍ਹਾਂ ਨੇ ਸਿੱਖੀ ਦਾ ਉਪਦੇਸ਼ ਗੁਰੂ ਨਾਨਕ ਦੇਵ ਤੋਂ ਲਿਆ ਅਤੇ ਛੇਆਂ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ।

ਬਾਬਾ ਜੀ ਦਾ ਜਨਮ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੰਮਤ 1565 ਵਿਚ ਹੋਇਆ। ਮਾਪਿਆਂ ਨੇ ਇਨ੍ਹਾਂ ਦਾ ਨਾਂ ਬੂੜਾ ਰੱਖਿਆ। ਮਗਰੋਂ ਇਨ੍ਹਾਂ ਦੇ ਮਾਪੇ ਰਮਦਾਸ ਰਹਿਣ ਲੱਗ ਪਏ। ਜਦ ਇਹ ਬਾਰ੍ਹਾਂ ਕੁ ਵਰ੍ਹਿਆਂ ਦੇ ਹੋਏ ਤਾਂ ਗੁਰੂ ਨਾਨਕ ਦੇਵ ਜੀ ਫਿਰਦੇ-ਫਿਰਦੇ ਰਮਦਾਸ ਦੇ ਪਾਸ ਆ ਠਹਿਰੇ। ਬੂੜਾ ਜੀ ਮੱਝਾਂ ਚਾਰਦੇ ਹੁੰਦੇ ਸਨ। ਇਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲੱਗੇ। ਇਨ੍ਹਾਂ ਦੇ ਮਨ ਨੂੰ ਸ਼ਾਂਤੀ ਅਤੇ ਸੁਖ ਪ੍ਰਾਪਤ ਹੋਇਆ। ਇਨ੍ਹਾਂ ਦੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾਅ ਉਠਿਆ। ਉਨ੍ਹਾਂ ਲਈ ਦੁੱਧ ਤੇ ਮੱਖਣ ਲੈ ਕੇ ਬੜੇ ਪ੍ਰੇਮ ਨਾਲ ਸੇਵਾ ਵਿਚ ਹਾਜ਼ਰ ਹੋਏ।

ਗੁਰੂ ਜੀ ਨੇ ਪੁਛਿਆ- ਕਾਕਾ ਤੇਰਾ ਨਾਂ ਕੀ ਹੈ? ਤੂੰ ਕੀ ਕਰਦਾ ਹੁੰਦਾ ਹੈਂ?

ਬੂੜਾ- ਸੱਚੇ ਪਾਤਸ਼ਾਹ! ਮਾਪਿਆਂ ਨੇ ਮੇਰਾ ਨਾ ਬੂੜਾ ਰੱਖਿਆ ਹੈ। ਮੈਂ ਮੱਝੀਆਂ ਦਾ ਵਾਗੀ ਹਾਂ।

ਗੁਰੂ ਜੀ- ਤੂੰ ਮਨ ਵਿਚ ਕੀ ਇੱਛਿਆ ਧਾਰ ਕੇ ਸਾਡੇ ਪਾਸ ਆਇਆ ਹੈਂ? ਤੂੰ ਕੀ ਚਾਹੁੰਦਾ ਹੈਂ?

ਬੂੜਾ- ਜੀ, ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁੱਖ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿਚੋਂ ਕੱਢੋ ਅਤੇ ਮੁਕਤੀ ਬਖਸ਼ੋ।

ਗੁਰੂ ਜੀ- ਕਾਕਾ, ਤੇਰੀ ਤਾਂ ਹਾਲਾਂ ਖੇਡਣ ਮੱਲਣ ਤੇ ਖਾਣ ਹੰਢਾਉਣ ਦੀ ਉਮਰ ਹੈ। ਤੈਨੂੰ ਮੌਤ ਅਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।

ਬੂੜਾ- ਮਹਾਰਾਜ ਜੀ, ਮੌਤ ਦਾ ਕੀ ਵਿਸਾਹ ਹੈ? ਕੀ ਪਤਾ ਕਿਸ ਵੇਲੇ ਆ ਕੇ ਨੱਪ ਲਵੇ? ਕੀ ਪਤਾ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

ਗੁਰੂ ਜੀ- ਤੈਨੂੰ ਇਹ ਸੋਚ ਕਿਵੇਂ ਫੁਰੀ?

ਬੂੜਾ- ਮਹਾਰਾਜ ਜੀ ਕੁਝ ਚਿਰ ਹੋਇਆ, ਕੁਝ ਪਠਾਣ ਸਾਡੇ ਪਿੰਡ ਪਾਸ ਦੀ ਲੰਘੇ; ਉਹ ਬਦੋ-ਬਦੀ ਸਾਡੀਆਂ ਫ਼ਸਲਾਂ ਵੱਢ ਕੇ ਲੈ ਗਏ- ਪੱਕੀਆਂ ਵੀ, ਕੱਚੀਆਂ ਵੀ ਅਤੇ ਅੱਧ-ਪੱਕੀਆਂ ਵੀ। ਓਦੋਂ ਤੋਂ ਮੈਨੂੰ ਘੜੀ-ਮੁੜੀ ਖਿਆਲ ਆਉਂਦਾ ਰਹਿੰਦਾ ਹੈ ਕਿ ਜਿਵੇਂ ਪਠਾਣ ਕੱਚੀਆਂ, ਪੱਕੀਆਂ ਫ਼ਸਲਾਂ ਵੱਢ ਕੇ ਲੈ ਗਏ ਹਨ, ਤਿਵੇਂ ਹੀ ਮੌਤ ਵੀ ਬੱਚੇ, ਗੱਭਰੂ ਤੇ ਬੁੱਢੇ ਨੂੰ ਜਦੋਂ ਜੀਅ ਕਰੇ, ਆ ਨੱਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਲਈ ਮੈਂ ਮੌਤ ਤੋਂ ਡਰਦਾ ਹਾਂ। ਇਹ ਡਰ ਦੂਰ ਕਰੋ ਸੱਚੇ ਪਾਤਸ਼ਾਹ!

ਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ, 'ਤੂੰ ਬੱਚਾ ਨਹੀਂ। ਤੂੰ ਤਾਂ ਬੁੱਢਾ ਹੈਂ। ਤੂੰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਤਕੜਾ ਹੋ। ਰੱਬ ਮੌਤ ਨਾਲੋਂ ਕਿਤੇ ਵੱਡਾ ਤੇ ਬਲੀ ਹੈ। ਜੇ ਤੂੰ ਰੱਬ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪ੍ਰੇਮ ਨਾਲ ਸੇਵਾ ਕਰਿਆ ਕਰ, ਤੇਰੇ ਸਭੇ ਡਰ ਤੇ ਦੁੱਖ ਦੂਰ ਹੋ ਜਾਣਗੇ। ਤੈਨੂੰ ਮੁਕਤੀ ਮਿਲ ਜਾਵੇਗੀ।

ਉਦੋਂ ਤੋਂ ਹੀ ਬੂੜਾ ਜੀ ਦਾ ਨਾਂ 'ਬਾਬਾ ਬੁੱਢਾ ਜੀ' ਪੈ ਗਿਆ। ਬੁੱਢਾ ਜੀ ਨੇ ਸਿੱਖੀ ਧਾਰਨ ਕੀਤੀ। ਇਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰ ਵਿਚ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ ਅਤੇ ਨਾਮ ਜਪਦੇ ਰਹਿੰਦੇ। ਇਨ੍ਹਾਂ ਨੇ ਆਪਣਾ ਜੀਵਨ ਸਿੱਖੀ ਲਈ ਨਮੂਨਾ ਬਣਾਇਆ। ਇਨ੍ਹਾਂ ਦਾ ਗੁਰੂ ਘਰ ਵਿਚ ਖਾਸ ਦਰਜਾ ਤੇ ਮਾਣ ਸੀ। ਗੁਰੂ ਨਾਨਕ ਦੇਵ ਜੀ ਇਨ੍ਹਾਂ ਉਪਰ ਬਹੁਤ ਹੀ ਪ੍ਰਸੰਨ ਸਨ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ, ਤਾਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਪਾਸੋਂ ਲਗਵਾਇਆ। ਤੀਜੀ, ਚੌਥੀ, ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਨੂੰ ਵੀ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਨੇ ਹੀ ਲਾਇਆ।

ਜ਼ਿਲ੍ਹਾ ਅੰਮ੍ਰਿਤਸਰ ਦੇ ਝਬਾਲ ਪਿੰਡ ਦੇ ਪਾਸ ਕਾਫ਼ੀ ਭੌਂ ਗੁਰੂ ਜੀ ਨੂੰ ਭੇਟਾ ਹੋਈ ਸੀ। ਏਥੇ ਗੁਰੂ ਸਾਹਿਬਾਂ ਦੇ ਪਸ਼ੂ ਚਰਿਆ ਕਰਦੇ ਸਨ। ਇਸ ਭੌਂ ਨੂੰ ਬੀੜ ਆਖਦੇ ਸਨ। ਇਹ ਬਾਬਾ ਬੁੱਢਾ ਜੀ ਦੇ ਸਪੁਰਦ ਕੀਤੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਬੀੜ ਵਿਚ ਗੁਜ਼ਾਰਿਆ। ਉਹ ਘਾਹ ਖੋਤ-ਖੋਤ ਕੇ ਗੁਰੂ ਜੀ ਦੇ ਘੋੜਿਆਂ ਤੇ ਮੱਝੀਆਂ ਨੂੰ ਪਾਇਆ ਕਰਦੇ ਸਨ। ਉਹ

ਆਪਣੇ ਆਪ ਨੂੰ ਗੁਰੂ ਜੀ ਦਾ ਘਾਹੀ (ਘਾਹ ਖੋਤਣ ਵਾਲਾ) ਆਖਿਆ ਕਰਦੇ ਸਨ। ਇਸ ਬੀੜ ਦਾ ਨਾਂ 'ਬਾਬੇ ਦੀ ਬੀੜ' ਪੈ ਗਿਆ। ਇਥੇ ਇਸ ਨਾਂ ਦਾ ਇਤਿਹਾਸਿਕ ਗੁਰਦੁਆਰਾ ਹੈ।

ਇਸੇ ਬੀੜ ਵਿਚ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ, ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਸਨ ਅਤੇ ਆਪ ਨੇ ਉਨ੍ਹਾਂ ਨੂੰ ਪੁੱਤਰ ਦਾ ਵਰ ਬਖਸ਼ਿਆ ਸੀ।

ਸ੍ਰੀ ਅੰਮ੍ਰਿਤਸਰ ਦੇ ਸਰੋਵਰ ਅਤੇ ਦਰਬਾਰ ਸਾਹਿਬ ਦੀ ਕਾਰ-ਸੇਵਾ ਦੇ ਆਪ ਮੁੱਖ ਪ੍ਰਬੰਧਕ ਬਣੇ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਉਤਰ-ਪੂਰਬ ਦੀ ਬਾਹੀ ਵਲ ਬਾਬਾ ਬੁੱਢਾ ਜੀ ਦੀ ਬੇਰੀ ਹੁਣ ਤਕ ਮੌਜੂਦ ਹੈ। ਇਸ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਉਹ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ ਅਤੇ ਰਾਜਾਂ ਮਜ਼ਦੂਰਾਂ ਨੂੰ ਤਨਖਾਹਾਂ ਵੰਡਿਆ ਕਰਦੇ ਸਨ। ਆਪ ਸੰਗਤਾਂ ਨੂੰ ਕਹੀਆਂ, ਟੋਕਰੀਆਂ ਅਤੇ ਹੋਰ ਸਾਮਾਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਆਪ ਦਾ ਗੁਰੂ ਘਰ ਵਿਚ ਬਹੁਤ ਮਾਣ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਸਾਹਿਬ ਦੀ ਪੜ੍ਹਾਈ ਸਿਖਲਾਈ ਦਾ ਕੰਮ ਆਪ ਦੇ ਹੀ ਸਪੁਰਦ ਕੀਤਾ। ਇਹਨਾਂ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰਮੁਖੀ ਤੇ ਗੁਰਬਾਣੀ ਪੜ੍ਹਾਈ ਅਤੇ ਹੋਰ ਨਾਲ ਹੀ ਘੋੜੇ ਦੀ ਸਵਾਰੀ, ਸ਼ਾਸਤਰਾਂ ਦੀ ਵਰਤੋਂ, ਕੁਸ਼ਤੀ ਅਤੇ ਹੋਰ ਸਰੀਰਕ ਸਿਖਲਾਈ ਭੀ ਕਰਾਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੂਜੇ ਸਾਹਿਬਜ਼ਾਦਿਆਂ ਨੂੰ ਵੀ ਬਾਬਾ ਜੀ ਨੇ ਹੀ ਸਿਖਲਾਈ ਪੜ੍ਹਾਈ ਕਰਾਈ।

ਜਦੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਾ ਕੇ ਉਸ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਕੀਤਾ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯਤ ਕੀਤਾ।

ਬਾਬਾ ਬੁੱਢਾ ਜੀ ਸਵਾ ਕੁ ਸੌ ਵਰ੍ਹੇ ਦੀ ਉਮਰ ਭੋਗ ਕੇ ਸੰਮਤ 1688 ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ, ਪਿੰਡ ਰਮਦਾਸ ਵਿਚ ਸੁਰਗਵਾਸ ਹੋਏ। ਗੁਰੂ ਜੀ ਨੇ ਬਾਬਾ ਜੀ ਦਾ ਸਸਕਾਰ ਆਪਣੀ ਹੱਥੀਂ ਕੀਤਾ। ਸਸਕਾਰ ਵਾਲੀ ਥਾਂ ਇਕ ਸੁੰਦਰ ਮੰਦਰ ਹੈ। ਇਸ ਦਾ ਨਾਂ 'ਸੱਚਖੰਡ' ਹੈ, ਇਹ ਇਤਿਹਾਸਕ ਗੁਰਦੁਆਰਾ ਹੈ। ■


*With compliments from*

**DR. BALJIT SINGH**
**M.D.**

**1181, Sector: 8-C, Chandigarh - 160 018**
**Phone: 0172 - 781895, 544747**
**Mobile: 98150 - 17007**

*With compliments from*

**SAWHNEY CLOTH HOUSE**

**46, Shanker Market,**
**Connaught Circus, New Delhi - 110 001**

**Ph : 3312440 (R) 5721753**

# ਪੰਜਾਬ ਦੇ ਲੋਕ-ਸਾਜ਼

ਪ੍ਰੋ. ਅਨਿਲ ਨਰੂਲਾ *

## ਢੋਲ

ਪੰਜਾਬ ਵਿਚ ਚਮੜੇ ਦੇ ਮੜ੍ਹੇ ਹੋਏ ਜਿਨ੍ਹਾਂ ਵੀ ਸਾਜ਼ਾਂ ਦੀ ਵਰਤੋਂ ਹੁੰਦੀ ਹੈ ਉਨ੍ਹਾਂ ਸਾਰਿਆਂ ਸਾਜ਼ਾਂ ਵਿਚੋਂ ਢੋਲਕੀ ਅਤੇ ਢੋਲ ਦਾ ਸਭ ਤੋਂ ਮਹੱਤਵਪੂਰਣ ਸਥਾਨ ਹੈ। ਢੋਲ ਢੋਲਕੀ ਦਾ ਹੀ ਵੱਡਾ ਰੂਪ ਹੈ। ਜਿਵੇਂ ਕਿ ਸਿਤਾਰ ਦਾ ਵੱਡਾ ਰੂਪ ਹੈ ਸੁਰਬਹਾਰ ਅਤੇ ਵਾਇਲਿਨ ਦਾ ਵੱਡਾ ਰੂਪ ਬੇਸ ਬਣ ਜਾਂਦਾ ਹੈ ਉਸੀ ਤਰ੍ਹਾਂ ਢੋਲ, ਢੋਲਕੀ ਦਾ ਇਕ ਵੱਡਾ ਰੂਪ ਹੈ। ਅਸੀਂ ਇਹ ਆਖ ਸਕਦੇ ਹਾਂ ਕਿ ਪੰਜਾਬ ਵਿਚ ਤੀਵੀਆਂ ਦਾ ਸਾਜ਼ ਢੋਲਕੀ ਹੈ ਅਤੇ ਮਰਦਾਂ ਦਾ ਸਾਜ਼ ਢੋਲ ਹੈ।

ਢੋਲ ਪੰਜਾਬ ਦੇ ਲੋਕ ਨਾਚਾਂ ਜਿਵੇਂ ਭੰਗੜਾ, ਗਿੱਧਾ ਆਦਿ ਨਾਲ ਵਜਾਇਆ ਜਾਂਦਾ ਹੈ। ਭੰਗੜਾ ਤਾਂ ਢੋਲ ਤੋਂ ਬਿਨ੍ਹਾਂ ਉਕਾ ਹੀ ਨਹੀਂ ਪੈ ਸਕਦਾ। ਪੰਜਾਬ ਦੇ ਕਿਰਸਾਣਾਂ ਦਾ ਇਹ ਮਨ ਭਾਉਂਦਾ ਸਾਜ਼ ਹੈ। ਪਿੰਡ ਵਿਚ ਜੇ ਢੋਲ ਵਜਦਾ ਹੋਵੇ ਤਾਂ ਹਰੇਕ ਨੌਜਵਾਨ ਦੀ ਅੱਡੀ ਭੰਗੜੇ ਪਾਉਣ ਨੂੰ ਉਠਦੀ ਹੈ। ਇਹ ਇਕ ਖੁਸ਼ੀ ਦਾ ਸਾਜ਼ ਅਤੇ ਇਸ ਨੂੰ ਖੁਸ਼ੀਆਂ ਦੇ ਮੌਕੇ ਉੱਤੇ ਵਜਾਇਆ ਜਾਂਦਾ ਹੈ। ਆਮ ਤੌਰ ਤੇ ਜਦੋਂ ਕਿਰਸਾਣ ਵਾਢੀਆਂ ਕਰ ਲੈਂਦੇ ਹਨ ਅਤੇ ਬਸੰਤ ਪੰਚਮੀ ਦੇ ਖੁਸ਼ੀਆਂ ਦੇ ਮੇਲਿਆਂ ਵਿਚ ਵਜਾਇਆ ਜਾਂਦਾ ਹੈ।

ਕਦੇ ਕਦੇ ਅਸੀਂ ਢੋਲ ਨੂੰ ਕੁਸ਼ਤੀਆਂ ਦੇ ਅਖਾੜੇ ਵਿਚ ਵੀ ਵਜਦਾ ਵੇਖਦੇ ਹਾਂ। ਭਾਵ ਇਹ ਕਿ ਇਸ ਨੂੰ ਸੁਣ ਕੇ ਬੱਚੇ ਤੋਂ ਲੈ ਕੇ ਬੁੱਢੇ ਤਕ ਵਿਚ ਖੁਸ਼ੀ ਤੇ ਜੋਸ਼ ਦੀ ਇਕ ਮਿਲੀ ਜੁਲੀ ਲਹਿਰ ਉਠਦੀ ਹੈ।

ਇਹ ਸਾਜ਼ ਵੀਰ ਰਸ ਅਤੇ ਤਾਲ ਪ੍ਰਧਾਨ ਹੈ।




ਬਣਾਵਟ: ਇਹ ਸਾਜ਼ ਅੰਬ ਦੀ ਲਕੜੀ ਨੂੰ ਵਿਚੋਂ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਦੇ ਦੋਹੇਂ ਮੂੰਹ ਵਡੇ ਤੇ ਖੁੱਲ੍ਹੇ ਹੁੰਦੇ ਹਨ। ਇਸ ਦੇ ਮੂੰਹ ਦੀ ਚੌੜਾਈ 35 ਸੈਂਟੀਮੀਟਰ ਹੁੰਦੀ ਹੈ । ਇਨ੍ਹਾਂ ਦੋਹਾਂ ਮੂੰਹਾਂ ਉੱਤੇ ਬੱਕਰੇ ਦੀ ਖੱਲ ਦੇ ਪਤਰੇ (ਪੁੜੇ) ਮੜ੍ਹੇ ਜਾਂਦੇ ਹਨ ਤੇ ਇਨ੍ਹਾਂ ਨੂੰ ਰੱਸੀਆਂ ਦੀ ਸਹਾਇਤਾ ਨਾਲ ਖਿਚਿਆ ਜਾਂਦਾ ਹੈ। ਰੱਸੀਆਂ ਵਿਚ ਪਿਤਲ ਜਾਂ ਚਮੜੇ ਦੇ ਛੱਲੇ ਬਣਾ ਕੇ ਪਿਰੋ ਦਿਤੇ ਜਾਂਦੇ ਹਨ ਤਾਂ ਜੋ ਢੋਲ ਨੂੰ ਖਿਚਣ ਵਿਚ ਆਸਾਨੀ ਰਹੇ। ਖੱਬੇ ਪੱਤਰ ਨੂੰ ਧਾਮਾ (ਪੁੜਾ) ਅਤੇ ਸੱਜੇ ਪੱਤਰੇ ਨੂੰ ਪੁੜਾ ਆਖਦੇ ਹਨ। ਇਹ ਬਾਂਸ ਤੇ ਲਕੜੀ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ।

ਢੋਲ ਦਾ ਖੱਬਾ ਪਾਸਾ ਜਿਸ ਨੂੰ ਧਾਮਾ ਆਖਦੇ ਹਨ ਇਸ ਦੇ ਅੰਦਰਲੇ ਪਾਸੇ ਇਕ ਖ਼ਾਸ ਤਰ੍ਹਾਂ ਦਾ ਮਸਾਲਾ ਲਗਾਇਆ ਜਾਂਦਾ ਹੈ ਤਾਂ ਜੋ ਇਹ ਮੋਟੀ ਆਵਾਜ਼ (ਮੰਦਰ ਸੁਰ) ਕੱਢ ਸਕੇ। ਖੱਬੇ ਪਾਸੇ ਅਰਥਾਤ ਧਾਮੇ ਦੀ ਛੜੀ ਲਕੜੀ ਦੀ ਹੁੰਦੀ ਹੈ ਜਿਹੜੀ ਕਿ ਹਾਕੀ ਦੀ ਸ਼ਕਲ ਵਿਚ ਹੁੰਦੀ ਹੈ ਅਤੇ ਜਿਸ ਨੂੰ ਡੱਗਾ ਆਖਦੇ ਹਨ। ਸੱਜੇ ਪਾਸੇ ਅਰਥਾਤ ਪੁੜੇ ਨੂੰ ਬਾਂਸ ਦੀ ਛੜੀ ਨਾਲ ਵਜਾਇਆ ਜਾਂਦਾ ਹੈ ਤੇ ਕਈ ਵਾਰੀ ਲੋਕ ਗੀਤਾਂ ਨਾਲ ਵਜਾਉਣ ਲਈ ਹੱਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸਾਜ਼ ਉਤੇ ਤਬਲੇ ਦੇ ਇਕ ਦੋ ਤਾਲ ਵੀ ਵਜਾਏ ਜਾਂਦੇ ਹਨ ਜਿਵੇਂ ਕਹਿਰਵਾ ਤਾਲ ਅਤੇ ਦਾਦਰਾ ਤਾਲ।

ਪੰਜਾਬ ਦੇ ਲੋਕ ਗੀਤਾਂ ਵਿਚ ਢੋਲ ਸਭ ਤੋਂ ਵਧੇਰੇ ਮਿਰਜ਼ੇ ਨਾਲ, ਪੰਜਾਬੀ ਬੋਲੀਆਂ ਨਾਲ ਵਜਦਾ ਚੰਗਾ ਲਗਦਾ ਹੈ।

## ਢੋਲਕੀ

ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਨੂੰ ਆਪਣਾ ਹੀ ਇਕ ਖ਼ਾਸ ਸਥਾਨ ਪ੍ਰਾਪਤ ਹੈ। ਪੰਜਾਬ ਦਾ ਕੋਈ ਵੀ ਅਜੇਹਾ ਲੋਕ ਗੀਤ ਨਹੀਂ ਜਿਹੜਾ ਬਿਨਾਂ ਢੋਲਕੀ ਤੋਂ ਗਾਇਆ ਜਾ ਸਕੇ। ਭਾਵੇਂ ਵਿਆਹ ਹੋਵੇ, ਭਾਵੇਂ ਤੀਆਂ ਲਗਣ, ਭਾਵੇਂ ਗਿੱਧਾ ਪੈਂਦਾ ਹੋਵੇ ਉਥੇ ਢੋਲਕੀ ਦਾ ਹੋਣਾ ਜ਼ਰੂਰੀ ਹੈ। ਜਿਵੇਂ ਢੋਲ ਮਰਦਾਂ ਦਾ ਸਾਜ਼ ਮੰਨਿਆ ਜਾਂਦਾ ਹੈ ਉਸੀ ਤਰ੍ਹਾਂ ਢੋਲਕੀ ਤੀਵੀਆਂ ਦਾ ਸਾਜ਼ ਹੈ।

ਬਣਾਵਟ: ਇਸ ਅੰਬ, ਨਿੰਮ, ਸ਼ੀਸ਼ਮ ਆਦਿ ਦੀ ਲੱਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ।

* ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਸ ਦੇ ਦੋਹਾਂ ਮੂੰਹਾਂ ਉਤੇ ਬੱਕਰੇ ਦੀ ਖੱਲ ਸੂਤ ਦੀਆਂ ਰੱਸੀਆਂ ਨਾਲ ਮੜ੍ਹੀ ਜਾਂਦੀ ਹੈ ਅਤੇ ਉਨ੍ਹਾਂ ਰੱਸੀਆਂ ਵਿਚ ਪਿੱਤਲ ਜਾਂ ਲੋਹੇ ਦੇ ਛੱਲੇ ਪਿਰੋ ਦਿਤੇ ਜਾਂਦੇ ਹਨ ਤਾਂ ਜੋ ਇਸ ਨੂੰ ਆਪਣੀ ਇੱਛਾ ਅਨੁਸਾਰ ਢਿੱਲਾ ਜਾਂ ਕਸ ਦਿਤਾ ਜਾਵੇ। ਆਮ ਤੌਰ ਤੇ ਇਸ ਦੀ ਮੂੰਹ ਦੀ ਚੌੜਾਈ 20 ਸੈਂਟੀਮੀਟਰ ਹੁੰਦੀ ਹੈ।




ਇਸ ਦੇ ਸੱਜੇ ਪਾਸੇ ਦੇ ਮੂੰਹ ਨੂੰ ਧਾਮਾ ਆਖਦੇ ਹਨ ਅਤੇ ਇਸ ਦੇ ਅੰਦਰਲੇ ਪਾਸੇ ਇਕ ਖ਼ਾਸ ਤਰ੍ਹਾਂ ਦਾ ਮਸਾਲਾ ਲਗਾਇਆ ਜਾਂਦਾ ਹੈ ਤਾਂ ਜੋ ਇਹ ਨਿਚਲੇ ਸੁਰ ਤੋਂ ਬੋਲੇ (ਮੰਦਰ ਸੁਰ) ਭਾਵ ਇਸ ਨੂੰ ਮਸਾਲਾ ਲਗਾ ਕੇ ਇਸ ਦੀ ਆਵਾਜ਼ ਨੂੰ ਭਾਰੀ ਕਰ ਦਿਤਾ ਜਾਂਦਾ ਹੈ।

ਅਜ ਢੋਲਕੀ ਨੇ ਤਰੱਕੀ ਕਰਕੇ ਫਿਲਮੀ ਖੇਤਰ ਵਿਚ ਵੀ ਆਪਣਾ ਇਕ ਮਹੱਤਵਪੂਰਣ ਸਥਾਨ ਬਣਾ ਲਿਆ ਹੈ।

## ਢੱਡ

ਢੱਡ ਪ੍ਰਾਚੀਨ ਅਵਨਧ ਸਾਜ਼ਾਂ ਵਿਚੋਂ ਇਕ ਹੈ। ਇਹ ਡੌਰੂ ਡਮਰੂ, ਕੁਕੜਾਂ, ਡਿਮਡਿਮੀ ਆਦਿ ਸਾਜ਼ਾਂ ਦੀ ਜਾਤੀ ਵਿਚੋਂ ਹੈ। ਇਹ ਡਮਰੂ ਨਾਲੋਂ ਥੋੜ੍ਹੀ ਜਿਹੀ ਵੱਡੀ ਹੁੰਦੀ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਜੋ ਸਥਾਨ ਸਾਰੰਗੀ ਨੂੰ ਦਿਤਾ ਜਾਂਦਾ ਹੈ ਉਹੋ ਹੀ ਸਥਾਨ ਢੱਡ ਨੂੰ ਦਿਤਾ ਜਾਂਦਾ ਹੈ। ਅਸਲੀ ਗੱਲ ਤਾਂ ਇਹ ਹੈ ਕਿ ਇਹ ਦੋਵੇਂ ਸਾਜ਼ ਪੰਜਾਬ ਦੇ ਲੋਕ ਗੀਤਾਂ ਵਿਚ ਇਕੱਠੇ ਹੀ ਵਜਦੇ ਹਨ।

ਜਦੋਂ ਢੱਡ ਸਾਰੰਗੀ ਤੇ ਲੋਕ ਗੀਤ ਗਾਏ ਜਾਂਦੇ ਹਨ ਤਾਂ ਸਾਰੰਗੀ ਉਤੇ ਆਪਣੇ ਸੁਰਾਂ ਨਾਲ ਸੰਗੀਤ ਦੀ ਸੰਗਤ ਕਰਦੇ ਹਨ ਤੇ ਢੱਡ ਇਸ ਨੂੰ ਚਾਰ ਚੰਦ ਲਗਾਉਂਦੀ ਹੈ। ਢੱਡ ਤਾਲ ਦੀ ਕਸੌਟੀ ਲੈ ਕੇ ਸੋਨੇ ਤੇ ਸੁਹਾਗਾ ਵਾਲੀ ਗੱਲ ਕਰਦੀ ਹੈ।

ਪੰਜਾਬ ਵਿਚ ਢਾਡੀ ਜੱਥੇ (ਵੀਰ ਰਸੀ ਵਾਰਾਂ), ਪ੍ਰੇਮ ਕਥਾ, ਲੈਲਾ ਮਜਨੂੰ, ਵਾਰਾਂ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁਨੂੰ, ਦੁੱਲਾ ਭੱਟੀ, ਜਿਉਣਾ ਮੌੜ ਦੇ ਕਿੱਸੇ, ਜਿਹੜੇ ਕਿ ਢੱਡ ਸਾਰੰਗੀ ਉਤੇ ਕਲੀਆਂ ਦੇ ਰੂਪ ਵਿਚ ਗਾਏ ਜਾਂਦੇ ਹਨ ਬਹੁਤ ਹੀ ਪ੍ਰਸਿਧ ਹਨ। ਇਸ ਤੋਂ ਇਲਾਵਾ ਢੱਡ ਸਾਰੰਗੀ ਉਤੇ ਕਾਫ਼ੀਆਂ ਵੀ ਗਾਈਆਂ ਜਾਂਦੀਆਂ ਹਨ।




**ਬਣਾਵਟ:** ਇਹ ਅੰਬ, ਟਾਹਲੀ, ਤੂਤ, ਸ਼ੀਸ਼ਮ ਆਦਿ ਲੱਕੜੀ ਦੀ ਬਣੀ ਹੁੰਦੀ ਹੈ। ਇਸ ਦੀ ਲੰਬਾਈ ਦਸ ਉਂਗਲ ਤੋਂ ਲੈ ਕੇ ਬਾਰਾਂ ਉਂਗਲ ਤਕ ਹੋ ਸਕਦੀ ਹੈ। ਡਮਰੂ ਦੇ ਆਕਾਰ ਦੀ ਤਰ੍ਹਾਂ ਇਸ ਦਾ ਵਿਚਲਾ ਹਿਸਾ ਪਿਚਕਿਆ ਹੁੰਦਾ ਹੈ। ਇਸ ਦੇ ਦੋਵੇਂ ਮੂੰਹ ਗੋਲਾਈ ਦੇ ਆਕਾਰ ਦੀ ਤਰ੍ਹਾਂ ਹੁੰਦੇ ਅਤੇ ਇਨ੍ਹਾਂ ਦੀ ਲੰਬਾਈ ਚੌੜਾਈ ਚਾਰ ਤੋਂ ਪੰਜ ਉਂਗਲ ਹੋ ਸਕਦੀ ਹੈ। ਆਮ ਤੌਰ ਤੇ ਇਸ ਦੀ ਲੰਬਾਈ 16 ਸੈਂਟੀਮੀਟਰ ਤੇ ਮੂੰਹ ਦੀ ਚੌੜਾਈ 9 ਸੈਂਟੀਮੀਟਰ ਹੁੰਦੀ ਹੈ। ਇਨ੍ਹਾਂ ਉਤੇ ਚਮੜੇ ਦੀ ਪਤਲੀ ਖਲ ਦੇ ਪੁੜੇ ਚੜ੍ਹਾਏ ਜਾਂਦੇ ਹਨ ਅਤੇ ਇਨ੍ਹਾਂ ਦੋਹਾਂ ਪੁੜਿਆਂ ਨੂੰ ਸੂਤ ਦੀ ਪਤਲੀ ਰੱਸੀ ਨਾਲ ਸਤ ਜਾਂ ਅਠ ਜਗ੍ਹਾਂ (ਘਰ) ਵਿਚ ਮੜ੍ਹ ਦਿਤਾ ਜਾਂਦਾ ਹੈ। ਥੋੜ੍ਹੀ ਜਿਹੀ ਰੱਸੀ ਫਾਲਤੂ ਰੱਖੀ ਜਾਂਦੀ ਹੈ ਜਿਸ ਨੂੰ ਕਿ ਵਜਾਉਣ ਵੇਲੇ ਵਿਚਲੇ ਹਿਸੇ ਉਤੇ ਲਪੇਟ ਕੇ ਹੱਥ ਨਾਲ ਖਿਚੀ ਜਾਂ ਢਿਲੀ ਕੀਤੀ ਜਾਂਦੀ ਹੈ। ਦੂਸਰੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਇਆ ਜਾਂਦਾ ਹੈ ਇਸ ਤਰ੍ਹਾਂ ਕਰਨ ਨਾਲ ਇਕ ਖ਼ਾਸ ਕਿਸਮ ਦੀ ਆਵਾਜ਼ ਪੈਦਾ ਹੁੰਦੀ ਹੈ ਜਿਸ ਨੂੰ ਅਸੀਂ ਸ਼ਾਸਤਰੀ ਸੰਗੀਤ ਵਿਚ ਗਮਕ ਦੇ ਨਾਂ ਨਾਲ ਜਾਣਦੇ ਹਾਂ। ■

# ਕੈਸਟ ਰੀਵੀਊ

**ਕੈਸਟ ਦਾ ਨਾਮ : ਗੋਬਿੰਦ ਕੇ ਗੁਣ ਗਾਉ** — **ਗਾਇਕ : ਰੁਪਿੰਦਰ ਮਹਿੰਦਰੂ**

**ਸੰਗੀਤ ਅਰੇਂਜਰ : ਕਾਜਲ ਘੋਸ਼** — **ਕੰਪਨੀ : ਟੀ.ਪੀ.ਐਮ. (ਸਰਬ ਸਾਂਝੀ ਗੁਰਬਾਣੀ)**

**ਰਿਵੀਊਕਾਰ : ਡਾ. ਗੁਰਮੀਤ ਸਿੰਘ ਬੈਦਵਾਣ**

ਇਸ ਵਪਾਰਕ ਯੁਗ ਵਿੱਚ ਮੁਨਾਫਾ ਕਮਾਉਣ ਲਈ ਭਾਂਤ ਭਾਂਤ ਦੀਆਂ ਕੈਸਟ ਕੰਪਨੀਆਂ ਖੁੱਲ੍ਹ ਰਹੀਆਂ ਹਨ। ਕੈਸਟਾਂ ਦੀ ਵਿਕਰੀ ਵਧਾਉਣ ਲਈ ਕਈ ਤਰ੍ਹਾਂ ਦੇ ਇਸ਼ਤਿਹਾਰ ਰੇਡੀਓ ਅਤੇ ਟੀ.ਵੀ. ਉਤੇ ਸੁਣਨ ਤੇ ਵੇਖਣ ਨੂੰ ਮਿਲਦੇ ਹਨ। ਅਖਬਾਰਾਂ ਦੇ ਸਫੇ ਕੈਸਟਾਂ ਦੇ ਇਸ਼ਤਿਹਾਰਾਂ ਨਾਲ ਭਰੇ ਹੁੰਦੇ ਹਨ। ਜੀ.ਟੀ. ਰੋਡ ਰਾਹੀਂ ਅੰਮ੍ਰਿਤਸਰ ਨੂੰ ਜਾਈਏ ਤਾਂ ਵੇਖਦੇ ਹਾਂ ਕਿ ਅਖੌਤੀ ਲੋਕ ਗੀਤਾਂ ਅਤੇ ਅਖੌਤੀ ਲੋਕ ਗਾਇਕਾਂ ਦੇ ਵੱਡੇ ਵੱਡੇ ਬੋਰਡ ਲੱਗੇ ਹੋਏ ਹਨ ਜਿਹਨਾਂ ਵਿੱਚ ਚਿਤਰੀਆਂ ਗਾਇਕਾਂ ਦੀਆਂ ਸ਼ਕਲਾਂ ਸੂਰਤਾਂ ਵੇਖ ਕੇ ਨਾ ਹੱਸਣਾ ਆਉਂਦਾ ਹੈ ਤੇ ਨਾ ਰੋਣਾ। ਇਹਨਾਂ ਦੇ ਨੇੜੇ-ਤੇੜੇ ਕੁਝ ਕੀਰਤਨੀਆਂ ਦੇ ਵੀ ਵਿਸ਼ੇਸ਼ ਮੁਦਰਾਵਾਂ ਵਾਲੇ ਚਿਤਰਾਂ ਦੇ ਬੋਰਡ ਵੇਖਣ ਨੂੰ ਮਿਲ ਜਾਂਦੇ ਹਨ।

ਕੀਰਤਨ ਕੈਸਟਾਂ ਦੀ ਗਿਣਤੀ ਵਿੱਚ ਤਾਂ ਕਾਫੀ ਵਾਧਾ ਹੋਇਆ ਹੈ ਪਰ ਕੀਰਤਨ ਦੀ ਗੁਣਵੱਤਾ ਵਿੱਚ ਵਾਧਾ ਹੋਇਆ ਜਾਂ ਘਾਟਾ ਇਹ ਅਜੇ ਖੋਜ ਦਾ ਵਿਸ਼ਾ ਹੈ। ਫਿਰ ਵੀ ਕਦੀ ਕਦੀ ਜਦੋਂ ਮਿਆਰੀ ਕੀਰਤਨ ਦੀ ਆਵਾਜ਼ ਕੰਨਾਂ ਵਿੱਚ ਪੈਂਦੀ ਹੈ ਤਾਂ ਚਲਦੇ ਚਲਦੇ ਕਦਮ ਰੁਕ ਜਾਂਦੇ ਹਨ। ਵਾਹਿਗੁਰੂ ਦਾ ਸ਼ੁਕਰ ਕਰਦੇ ਹਾਂ ਕਿ ਅਜੇ ਵੀ ਇਸ ਤਰ੍ਹਾਂ ਦਾ ਕੀਰਤਨ ਸੁਣਨ ਨੂੰ ਮਿਲਦਾ ਹੈ। ਅਜਿਹੀ ਇੱਕ ਕੈਸਟ ਪਿੱਛੇ ਜਿਹੇ ਸੁਣਨ ਨੂੰ ਮਿਲੀ।

ਕੈਸਟ ਦੇ ਕਵਰ ਤੇ ਦਿੱਤੀ ਤਸਵੀਰ ਅਤੇ ਗਾਇਕਾ ਦੇ ਨਾਮ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਕੋਈ ਪ੍ਰੋਫੈਸ਼ਨਲ ਗਾਇਕਾ ਨਹੀਂ ਭਾਵੇਂ ਕਿ ਗਾਇਨ ਕਲਾ ਬਹੁਤ ਸਾਰੇ ਪ੍ਰੋਫੈਸ਼ਨਲ ਗਾਇਕਾਂ ਅਤੇ ਗਾਇਕਾਵਾਂ ਨਾਲੋਂ ਉਚੇਰੇ ਪੱਧਰ ਦੀ ਹੈ।

ਇਸ ਕੈਸਟ ਵਿੱਚ ਬੀਬੀ ਰੁਪਿੰਦਰ ਮਹਿੰਦਰੂ ਜੀ ਨੇ ਹੇਠ ਲਿਖੇ ਸੱਤ ਸ਼ਬਦਾਂ ਦਾ ਗਾਇਨ ਕੀਤਾ ਹੈ।

*ਏ. ਸਾਈਡ :*

1. ਹੇ ਗੋਬਿੰਦ ਹੇ ਗੋਪਾਲ
2. ਕਲਿ ਤਾਰਣ ਗੁਰ ਨਾਨਕ ਆਇਆ
3. ਗੋਬਿੰਦ ਕੇ ਗੁਣ ਗਾਉ

*ਬੀ. ਸਾਈਡ :*

1. ਜਪੁ ਮਨ ਸਤਿਨਾਮ
2. ਪਾਤੀ ਤੋਰੈ ਮਾਲਿਨੀ
3. ਜੀਅਰੇ ਓਹਲਾ ਨਾਮ ਕਾ
4. ਹਉ ਅਨਦਿਨ ਹਰਿ ਨਾਮ ਕੀਰਤਨ ਕਰਉ

ਇਸ ਕੈਸਟ ਵਿੱਚ ਗਾਏ ਸ਼ਬਦਾਂ ਦੀਆਂ ਰੀਤਾਂ ਵਿਚੋਂ ਭੁਪਾਲੀ, ਕਲਿਆਣ, ਸ਼ੰਕਰਾ ਆਦਿ ਰਾਗਾਂ ਦੀਆਂ ਪ੍ਰਤੀ-ਧੁਨੀਆਂ ਸੁਣਨ ਨੂੰ ਮਿਲਦੀਆਂ ਹਨ। ਭਾਵੇਂ ਨਿਰਧਾਰਤ ਰਾਗਾਂ ਵਾਲੇ ਸ਼ਬਦਾਂ ਦੀ ਘਾਟ ਹੈ ਪਰ ਭਾਈ ਸੰਤਾ ਸਿੰਘ ਅਤੇ ਭਾਈ ਬਖਸ਼ੀਸ਼ ਸਿੰਘ ਹੋਰਾਂ ਦੇ ਗਾਏ ਸ਼ਬਦਾਂ ਨੂੰ ਉਹਨਾਂ ਹੀ ਰੀਤਾਂ ਵਿੱਚ ਗਾ ਕੇ ਗਾਇਕਾ ਨੇ ਆਪਣੀ ਪੁਖਤਾ ਗਾਇਕੀ ਦਾ ਸਬੂਤ ਦਿੱਤਾ ਹੈ। 'ਗੋਬਿੰਦ ਕੇ ਗੁਣ ਗਾਉ' ਭਾਈ ਸੰਤਾ ਸਿੰਘ ਹੋਰਾਂ ਦੀ ਰੀਤ ਅਤੇ 'ਪਾਤੀ ਤੋਰੈ ਮਾਲਿਨੀ' ਭਾਈ ਬਖਸ਼ੀਸ਼ ਸਿੰਘ ਦੀ ਰੀਤ ਇਸ ਕੈਸਟ ਵਿੱਚ ਬਾਖੂਬੀ ਗਾਈ ਗਈ ਹੈ। ਇਹ ਇਕ ਤਰ੍ਹਾਂ ਨਾਲ ਉਹਨਾਂ ਮਹਾਨ ਕੀਰਤਨੀਆਂ ਨੂੰ ਸੱਚੀ ਸ਼ਰਧਾਂਜਲੀ ਵੀ ਹੈ।

ਕਾਜਲ ਘੋਸ਼ ਨੇ ਸੰਗੀਤ ਦੇ ਸਾਜ਼ਾਂ ਨੂੰ ਢੁਕਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਗੋਰੀ ਰਾਉ ਅਤੇ ਬਾਣੀ ਮਹਿੰਦਰੂ ਨੇ ਰੁਪਿੰਦਰ ਜੀ ਦਾ ਸਾਥ ਦੇ ਕੇ ਸ਼ਬਦ ਗਾਇਨ ਲਈ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਹੈ।

ਕਿਤੇ ਕਿਤੇ ਸ਼ਬਦਾਂ ਦੇ ਉਚਾਰਨ ਵਿੱਚ ਹਿੰਦੀ ਭਾਸ਼ਾ ਦੇ ਉਚਾਰਨ ਦਾ ਲਹਿਜਾ ਖਟਕਦਾ ਹੈ। ਸਮੁੱਚੇ ਰੂਪ ਵਿੱਚ ਇਹ ਕੈਸਟ ਕੀਰਤਨ ਦੀਆਂ ਕੈਸਟਾਂ ਵਿੱਚ ਇੱਕ ਨਿੱਗਰ ਵਾਧਾ ਹੈ। ■


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ**

**(ਪੰਦਰਾ-ਰੋਜ਼ਾ ਪੱਤਰ)**

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ**

**ਪੂਸਾ ਰੋਡ, ਨਵੀਂ ਦਿੱਲੀ 110 060**

**ਫੋਨ: 5735955**

## ਸਮਾਚਾਰ

### ਜਵੱਦੀ ਟਕਸਾਲ - ਲੁਧਿਆਣਾ

ਗੁਰਮਤਿ ਸੰਗੀਤ ਸਟੱਡੀ ਸਰਕਲ ਵਲੋਂ ਮਿਤੀ 19 ਤੇ 20 ਜੂਨ ਨੂੰ ਦੋ ਦਿਨਾਂ ਦੀ ਗੁਰਮਤਿ ਸੰਗੀਤ ਅਧਿਆਪਨ ਵਰਕਸ਼ਾਪ ਦਾ ਆਯੋਜਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਕੀਤਾ। ਜਿਸ ਵਿੱਚ ਪੰਜਾਬ ਭਰ 'ਚੋਂ ਆਏ ਇੱਕ ਸੌ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਆਏ ਹੋਏ ਵਿਦਿਆਰਥੀਆਂ ਵਿੱਚ ਗੁਰਮਤਿ ਸੰਗੀਤ ਪ੍ਰਤੀ ਲਗਨ, ਚਾਅ ਤੇ ਉਤਸ਼ਾਹ ਵੇਖਣਯੋਗ ਸੀ। ਵਰਕਸ਼ਾਪ ਦਾ ਆਰੰਭ ਸੰਤ ਬਾਬਾ ਦਰਸ਼ਨ ਸਿੰਘ ਜੀ ਬੀੜ ਸਾਹਿਬ ਅੰਮ੍ਰਿਤਸਰ ਅਤੇ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਦੀ ਸ਼ੁਭ ਅਸੀਸ ਨਾਲ ਹੋਇਆ। ਪ੍ਰਿੰਸੀਪਲ ਸ਼ਮਸੇਰ ਸਿੰਘ ਕਰੀਰ, ਪ੍ਰੋ. ਕਰਤਾਰ ਸਿੰਘ ਅਤੇ ਡਾ. ਗੁਰਨਾਮ ਸਿੰਘ ਮੁੱਖੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗੁਰਮਤਿ ਸੰਗੀਤ ਦੇ ਵਿਵਹਾਰਕ ਪੱਖ, ਰਾਗ, ਰਾਗ ਪਰਕਾਰ, ਗਾਇਨ ਸ਼ੈਲੀਆਂ, ਕੀਰਤਨ ਚੌਂਕੀਆਂ ਬਾਰੇ ਖੋਜ ਭਰਪੂਰ ਅਤੇ ਰੌਚਕ ਜਾਣਕਾਰੀ ਦਿੱਤੀ। ਪ੍ਰੋ. ਸ਼ਮਸ਼ਾਦ ਅਲੀ, ਡਾ. ਜਸਵੀਰ ਕੌਰ ਅਤੇ ਪ੍ਰੋ. ਕੰਵਲਜੀਤ ਸਿੰਘ ਨੇ ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ ਨੂੰ ਉਜਾਗਰ ਕੀਤਾ। ਸੰਧਿਆਂ ਦੇ ਦੀਵਾਨ ਵਿੱਚ ਵਿਦਿਆਰਥੀਆਂ ਨੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰਮਤਿ ਸੰਗੀਤ ਦੀ ਸ਼ੁਧ ਅਤੇ ਮੌਲਿਕ ਰੀਤੀ ਅਨੁਸਾਰ ਨਿਰਧਾਰਤ ਰਾਗਾਂ ਵਿੱਚ ਸ਼ਬਦ ਕੀਰਤਨ ਕੀਤਾ। ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਾਮ ਸਮੇਂ ਗਾਏ ਜਾਣ ਵਾਲੇ ਰਾਗ ਤੁਖਾਰੀ, ਕਲਿਆਣ, ਮਾਝ ਪ੍ਰਮੁੱਖ ਸਨ। ਬੀਬੀ ਭਾਗਵਿੰਦਰ ਕੌਰ ਦੁਆਰਾ ਗਾਇਆ ਰਾਗ ਕਲਿਆਣ ਦਾ ਸ਼ਬਦ "ਜਾਚਕੁ ਨਾਮੁ ਜਾਚੈ ਜਾਚੈ" ਅਤੇ ਬੀਬੀ ਸਤਵਿੰਦਰ ਕੌਰ ਦੁਆਰਾ ਪੇਸ਼ "ਪ੍ਰਭ ਕੀਜੈ ਕ੍ਰਿਪਾ ਨਿਧਾਨ" ਜ਼ਿਕਰਯੋਗ ਹਨ। ਅੰਤ ਵਿੱਚ ਡਾ. ਗੁਰਨਾਮ ਸਿੰਘ ਨੇ ਰਾਗ ਮਾਝ ਵਿੱਚ "ਹਉ ਘੋਲੀ ਹਉ ਘੋਲਿ ਘੁਮਾਈ" ਸ਼ਬਦ ਗਾਇਨ ਕਰਕੇ ਅਲੌਕਿਕ ਨਜ਼ਾਰਾ ਪੇਸ਼ ਕੀਤਾ। ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦੇ ਪਾਠ ਅਤੇ ਨਿਤਨੇਮ ਦੀਆਂ ਪੰਜ ਬਾਣੀਆਂ ਦੇ ਪਾਠ ਉਪਰੰਤ ਵਿਦਿਆਰਥੀਆਂ ਨੇ ਪੁਰਾਤਨ ਅਤੇ ਸ਼ੁਧ ਰੀਤ ਅਨੁਸਾਰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰ. ਹਰਭਜਨ ਸਿੰਘ ਜੀ ਚੋਪੜਾ (ਚੰਡੀਗੜ੍ਹ) ਅਤੇ ਭਾਈ ਸੁਖਵੰਤ ਸਿੰਘ ਜੀ ਜਵੱਦੀ ਟਕਸਾਲ ਦੀ ਅਗਵਾਈ ਵਿੱਚ ਪੇਸ਼ ਕੀਤਾ। ਪਾਉੜੀ ਗਾਇਨ ਦਾ ਸ਼ੁਧ ਅਤੇ ਮੌਲਿਕ ਸਰੂਪ ਵਿਸ਼ੇਸ਼ ਪ੍ਰਕਾਰ ਦਾ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ ਅਤੇ ਇੰਝ ਜਾਪਦਾ ਸੀ ਕਿਤੇ ਸਾਰਾ ਬ੍ਰਹਿਮੰਡ ਹੀ ਅਕਾਲ ਪੁਰਖ ਵਾਹਿਗੁਰੂ ਸੰਗੀਤ ਵਿਧਾਨ ਅਨੁਸਾਰ ਰਾਗਾਂ, ਰਾਗ ਪ੍ਰਕਾਰਾਂ, ਗਾਇਨ ਸ਼ੈਲੀਆਂ, ਕੀਰਤਨ ਚੌਂਕੀਆਂ, ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸਾਜ਼ਾਂ, ਤਾਲਾਂ ਅਤੇ ਸੰਗੀਤ ਸੰਕੇਤਾਂ ਸੰਬੰਧੀ ਖੋਜ ਅਤੇ ਵਿਦਵਤਾ ਭਰਪੂਰ ਜਾਣਕਾਰੀ-ਦਿੱਤੀ ਗਈ।

ਫਿਰ ਸਨਮਾਨ ਸਮਾਰੋਹ ਸਮਾਗਮ ਦੌਰਾਨ ਗੁਰਮਤਿ ਸੰਗੀਤ ਡਿਪਲੋਮਾ ਸ਼ੈਸ਼ਨ 1997-98 ਦੌਰਾਨ ਪਹਿਲੇ ਪੰਜ ਸਥਾਨਾਂ ਤੇ ਆਏ ਵਿਦਿਆਰਥੀਆਂ ਦੇ ਗੁਰਮਤਿ ਸੰਗੀਤ ਸਟੱਡੀ ਸਰਕਲ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਿਸ ਵਿੱਚ ਭਾਈ ਸੁਖਵੰਤ ਸਿੰਘ, ਜਵੱਦੀ ਟਕਸਾਲ (ਪਹਿਲਾ ਸਥਾਨ), ਜਬਰਜੰਗ ਸਿੰਘ (ਦੂਜਾ ਸਥਾਨ), ਬੀਬੀ ਵਰਿੰਦਰ ਕੌਰ (ਤੀਜਾ ਸਥਾਨ), ਬੀਬੀ ਇੰਦਰਜੀਤ ਕੌਰ (ਚੌਥਾ ਸਥਾਨ) ਅਤੇ ਡਾ. ਦਰਸ਼ਨ ਸਿੰਘ (ਪੰਜਵਾਂ ਸਥਾਨ) ਸ਼ਾਮਲ ਹਨ। ਵੱਖ-ਵੱਖ ਸਥਾਨਾਂ ਤੇ ਗੁਰਮਤਿ ਸੰਗੀਤ ਸਬੰਧੀ ਸਿਖਲਾਈ ਦੇਣ ਵਾਲੇ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ। ਜਿਸ ਵਿੱਚ ਭਾਈ ਸਰਵਣ ਸਿੰਘ, ਪ੍ਰੋ. ਤੇਜਿੰਦਰ ਸਿੰਘ, ਪ੍ਰੋ. ਸ਼ਮਸ਼ਾਦ ਅਲੀ, ਪ੍ਰੋ. ਜਬਰਜੰਗ ਸਿਘ, ਬੀਬੀ ਭਾਗਵਿੰਦਰ ਕੌਰ, ਸ੍ਰ. ਅਰਵਿੰਦਰ ਸਿੰਘ, ਰਣਜੀਤ ਸਿੰਘ, ਸ੍ਰ. ਹਰਭਜਨ ਸਿੰਘ ਚੋਪੜਾ ਚੰਡੀਗੜ੍ਹ ਪ੍ਰਮੁੱਖ ਹਨ।

ਗੁਰਮਤਿ ਸੰਗੀਤ ਸਟੱਡੀ ਸਰਕਲ ਦੇ ਬੁਲਾਰੇ ਭਾਈ ਤਰਸੇਮ ਸਿੰਘ ਨੇ ਦੱਸਿਆ ਕਿ ਭਵਿੱਖ ਵਿੱਚ ਗੁਰਮਤਿ ਸੰਗੀਤ ਦੇ ਵਿਕਾਸ ਕਾਰਜਾਂ ਦੀ ਲੜੀ ਅਧੀਨ ਵਿਦਿਆਰਥੀਆਂ ਅਤੇ ਗੁਰਮਤਿ ਸੰਗੀਤ ਪ੍ਰੇਮੀਆਂ ਦੀਆਂ ਸ੍ਰੀ ਅੰਮ੍ਰਿਤਸਰ ਸਾਹਿਬ, ਲੁਧਿਆਣਾ ਅਤੇ ਚੰਡੀਗੜ੍ਹ ਵਿਖੇ ਸਟੂਡਿਓ ਆਡੀਸਨਸ ਕਰਵਾਈਆਂ ਜਾਣਗੀਆਂ। ਜਿਸ ਨਾਲ ਇਲੈਕਟ੍ਰੌਨਿਕ ਮੀਡੀਏ ਅਤੇ ਸਟੂਡਿਓ ਗਾਇਨ ਸਬੰਧੀ ਵਿਸ਼ੇਸ਼ ਜੁਗਤਾਂ ਦੀ ਜਾਣਕਾਰੀ ਹੋ ਸਕੇ। ਯੋਗ ਬੱਚਿਆਂ ਨੂੰ ਸੁਚੱਜੀ ਅਗਵਾਈ ਦੇ ਕੇ ਕੀਰਤਨ ਦੀਆਂ ਕੈਸਟਾਂ ਰਿਕਾਰਡ ਕਰਕੇ ਸੰਗਤਾਂ ਦੀ ਸੇਵਾ ਵਿੱਚ ਭੇਟਾ ਕੀਤੀਆਂ ਜਾਣਗੀਆਂ। ਇਸੇ ਦੌਰਾਨ ਭਾਈ ਤਰਸੇਮ ਸਿੰਘ ਜੀ ਨੇ ਦੱਸਿਆ ਕਿ ਛੇਤੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਦੀ ਸਟੂਡਿਓ

ਰਿਕਾਰਡਿੰਗ ਛੇਤੀ ਹੀ ਸੰਗਤਾਂ ਦੇ ਚਰਨਾਂ ਵਿੱਚ ਭੇਟ ਕੀਤੀ ਜਾਵੇਗੀ ਤਾਂ ਜੋ ਸਿੱਖ ਕੌਮ ਆਪਣੇ ਇਸ ਵਡਮੁੱਲੇ ਵਿਰਸੇ ਦੀ ਸੇਵਾ ਅਤੇ ਸੰਭਾਲ ਪ੍ਰਤੀ ਹੋਰ ਸੁਚੇਤ ਹੋ ਸਕੇ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਗੁਰਮਤਿ ਸੰਗੀਤ ਸਟੱਡੀ ਸਰਕਲ ਦੇ ਯੂਨਿਟ ਸਥਾਪਿਤ ਕਰਦਿਆਂ ਸੰਗੀਤ ਗੋਸ਼ਟੀਆਂ, ਸੈਮੀਨਾਰਾਂ ਅਤੇ ਗੁਰਮਤਿ ਸੰਗੀਤ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਵੇਗਾ।

ਸਮਾਗਮ ਦੌਰਾਨ ਬੀਬੀ ਜਸਬੀਰ ਕੌਰ ਖਾਲਸਾ ਜੀ ਦੀ ਅਗਵਾਈ ਵਿੱਚ ਗੁਰਮਤਿ ਸੰਗੀਤ ਸਬੰਧੀ ਵੱਖ-ਵੱਖ ਪੁਸਤਕਾਂ ਅਤੇ ਹੋਰ ਖੋਜ ਭਰਪੂਰ ਦਸਤਾਵੇਜ਼ਾਂ ਦੀ ਪ੍ਰਦਰਸ਼ਨੀ ਲਾਈ ਗਈ ਜੋ ਵਿਦਿਆਰਥੀਆਂ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਇਸ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦੀਆਂ ਪੁਸਤਕਾਂ ਮੁਹੱਈਆ ਕਰਵਾਈਆਂ ਗਈਆਂ।

ਸਨਮਾਨ ਸਮਾਗਮ ਵਿੱਚ ਬੋਲਦਿਆਂ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਸਿੱਖਿਆ ਬੋਰਡ ਸਥਾਪਤ ਕਰਨ ਹਿਤ ਯੋਜਨਾ ਉਲੀਕਣ ਲਈ ਵਿਦਵਾਨਾਂ ਨੂੰ ਸੱਦਾ ਦਿੱਤਾ ਤਾਂ ਕਿ ਗੁਰਮਤਿ ਸੰਗੀਤ ਨੂੰ ਵੱਖ-ਵੱਖ ਪੜਾਵਾਂ ਉਤੇ ਅਕਾਦਮਿਕ ਪੱਧਰ ਤੇ ਉਤਸ਼ਾਹਤ ਕੀਤਾ ਜਾ ਸਕੇ। ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਡਿਪਲੋਮਾ ਇਨ ਗੁਰਮਤਿ ਸੰਗੀਤ ਦੇ ਵਿਦਿਆਰਥੀ ਦੇਣ ਦਾ ਐਲਾਨ ਵੀ ਕੀਤਾ। ■


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)

2602, ਬਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**THE SIKH REVIEW**

(A Monthly Magazine)

116, Karnani Mansion
25-A, Park Street, Calcutta

Treat yourself with

**PIZZAS**
**BURGERS**
**& much more**



Only at

**Hot millions**

Coca-Cola

office and home delivery

CHD 713232,721844,721287 PKL 569156,581619

# Music As A Attractive Hobby

Avat Singh *

It is wonderful to have a hobby. It makes your free time and leisure both pleasurable and profitable. And these benefits can be enjoyed not only by you but also by those around you.

And the best part is that a hobby is entirely of your own choice. We may have been forced into some line of education, or some kind of career, by overambitious parents or due to some other pressure like financial ones or social expectations and opinions regarding which career or education is more prestigious and worthwhile.

Hobbies provide a welcome escape from routine. Even if we are content and happy with our present studies or jobs, a hobby is still useful for the relief it provides from the hard work studying entails or the job-stress most working person face. Even for house-bound women groaning under the monotony of housework, having a hobby is the best way to relax and unwind.

One of the most attractive hobbies I can think of is music. Learning it, singing, playing an instrument of just listening to great music and drinking in this sheer nectarine beauty is one of the most exquisite pleasure of life. Cultivating a love for music does not bring just pleasure. It can also be turned into a profitable occupation, bringing in fame, riches and social status. Music as a hobby includes-being just a listener, connoisseur of learning it, or finally turning professional with it. Music soothes, relaxes and spiritually elevates us. It also has a therapeutic affect on emotionally disturbed people and mental patients.

**Natural affinity**: The natural familiarity a North acquires with his own language and culture helps him to understand, learn and appreciate Hindustani music easily when he approaches it. Thus even with the same natural potential or talent, he would find acquire a collection of finally recorded audio cassettes and good cassette recorder. Hours of your leisure time will just pass away without your even being aware of it as you go into raptures over your favourite pieces.

One can also attend music concerts as regularly as possible. In fact, before the advent of radios, cassette-players and TVs this was the only means of enjoying good music. Nowadays, however, attending such concerts means buying expensive tickets. The tickets are priced according to the eminence of the performer, the luxury of the auditorium and the excellence of its acoustics.

But there are also innumerable sabhas or music organisations in South which invite music-meastros and have them perform with very low-priced tickets, or even with free admission for the music-loving public. In the North too, many greats perform all-night programmes where entry is free and open to all. Such concerts are richly entertaining and educative to the layman, the serious student and the aspiring professional.

We come now to the other category - those for whom music as a hobby means learning it (either vocal or instrumental) and singing/playing it for themselves, their families and friends, or at an occasional small performance. To such persons, all the ways described above for music appreciation are applicable as first steps before they actually commence formal learning of the art viz. listening to cassettes, radios, TV programmes and attending concerts.

At a younger age, the same steps apply with parents and elders assuming responsibility. From an early age, we must ensure that the child who is musically inclined gets to hear as much

* 11/2, Old Rajinder Nagar, New Delhi

music as possible. Such persons grow up to enjoy and benefit from music as a hobby more than others without this benefit.

**Musical atmosphere:** In many families, where there are elders (parents or grandparents) who already know much about music and/or regularly play or sing ( as in South Indian families), there is a natural musical atmosphere. Music here is also regularly listened to over radio and TV and concerts are regularly attended. Such homes provide a tremendous advantage to children, for much of the theoretical knowledge and 'music-sense' become well developed in them before they begin formally learning it.

As for homes in which parents or grandparents are celebrity musicians, the advantages are indeed tremendous for the child. Many such children often take to music so seriously and passionately that they rise above making it a mere hobby and become professionals, earning fame, name and riches.

Of course, not all of us , especially those who intend keep music only as a hobby and not turn it into a profession can afford so much time daily . Then, the rule is to listen a little you know very well.

If you have mastered music to some extent, you can start giving small programmes. If you are going to turn professional, these will be stepping - stones. If not, you can have the satisfaction for the rest of your life that you did exhibt your talent learning to some extent at least.

Before you start performing before the public, you should start giving brief performances before family members of gatherings of relatives. You can even request small ground (of 4-10 members) of friends (it will ideal if they are connoisseurs themselves) to spare time to listen to you or your child's performance. This helps overcome stage fear and acts as a kind of rehearsal for future public performances. You can also play at school and college functions. In many colonies, there are cultural clubs which hold entertainment programmes regularly. Try and get a small slot on some such programme. Then because you have got a break and also have been noticed, you can both apply for and be invited to other programmes.

From now, if you want to turn your hobby into a profession you can start moving on to the well-know clubs or cultural association of your town of city.

Simultaneously, you can also apply for an audition at the AIR centre conducted at regular intervals for all categories of music. Detail of eligioility, application forms etc. will be available with them.

Once you pass this test, you will be giving regular programme over the radio. Of course, it is required that you maintain a consistent high quality. Those who wish to become professional generally move on from the amateur slots to higher level slots where they get bigger time slots and famous names regularly sing/play.

Thus whether you are an ordinary singer/ player or a professional, whatever you have learnt by making music as your hobby, is never wasted. It can and always does enrich your life and that of others around you.

Above all, even if you have never played an instrument of sung a classical song in your life, but have only been a rasika-you still very lucky. As connoisseur and music lover, you will have discovered one of the greatest pleasures of life. And it is countless other people like you who are keeping the great musical tradition and the performers going.

*Listening to good music is one of the most exquisite pleasures of life.* ■

## I Played Rabab In Harmandir Sahib

**Muni Singh**

On the 5th of May 1999 I Slipped quietly with Bhai Narinder Singh Hazuri Ragi and his Jatha into the musician's space with may long blue bag. After bowing my head to Sri Guru Granth Sahib I sat and unzipped it. From inside the soft orange velvet cover I took my brown instrument and began to tune it. The Sangat facing seemed to be fascinated. Not often did they see a string instrument in Darbar Sahib. And what in fact was this western born Singh holding? Was it some kind of Indian mandolin, shaped like a boat? As I plucked the low-toned strings and set them in the correct scale to accompany him in a Shabad in Yaman Kalyan, there was pin-drop silence. The subtle resonance of a string instrument has the power to attract the mind and focus it, whereas the harmonium in its fixed tempered scale is dull by comparison. Soon we were ready. Bhai Narinder Singh began the Bandna to the pleasing accompaniment of my Rabaab and Kirtan began.

It was perhaps 100 years since a Rabaab has been heard daily in the holy environment of Harimandir Sahib on a daily basis. For the next week I was play there and receive the blessing of the Guru. In the 1900s the first harmonium came into use in Darbar Sahib. The thrill of the New quickly supplanted the old instruments like Rabaab and Siranda. Even the old rababis like Bhai Chand ji had taken up harmonium and left their Rabaabs in the dusty cupboards.

Plucking the strings, I became aware of the great blessing that had been bestowed on me, an Australian-born convert to Sikhi in 1992. Later, I was told that I was the first Non-Indian ragi to ever play inside Darbar Sahib. What great good luck I thought. Here in this small sacred space the sound waves move upward like fluttering of doves. Darbar Sahibis acoustically perfect for string instruments. So many rabaabis had played here. Were the sound impressions stilled embedded in the walls? Were their sympathetic strings playing along as I picked out the notes of the bandish?

I suddenly remembered an old painting from the 1850's done by an Englishman depicting the Rabaabi Kirtinia and I remembered the old stories of certain masters who could play Rag Malhar and induce the rain to fall through the blessing of the Guru. I knew our presence here was a much more modest beginning, but the mere presence of a Rabaab in the Kirtan was perhaps enough to reawaken the sounds already embedded in the racial memory of the sangat.

Afterwards, there were many happy faces to greet us outside. For nearly all, it was the first time they had seen of heard a Rabaab. They were quietly excited. I felt greatly blessed that we had been given this chance to lead the Sangat in this unique experience. I felt at last a ten year old desire to bring Rabaab into Darbar Sahib had been fulfilled and I made a further commitment that day to commit myself to the cause of reintroducing string instruments back into Shabad Kirtan. May the Guru bless this enterprise. *Bol Mardania Sat Kartar.* ■


**ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ । ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ

● ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ ● ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| ਗੂਜਰੀ ਮਹਲਾ ੫ ॥ | Gujri 5th. Guru. | ਗੂਜਰੀ ਪੰਜਵੀਂ ਪਾਤਿਸ਼ਾਹੀ । |
|---|---|---|
| ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ | By remembering whom all the sins are obliterated and the ancestors are saved. | ਜਿਸ ਦਾ ਚਿੰਤਨ ਕਰਨ ਦੁਆਰਾ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਵਡੇ ਵਡੇਰਿਆਂ ਦਾ ਪਾਰ ਉਤਾਰਾ ਹੋ ਜਾਂਦਾ ਹੈ। |
| ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾਕਾ ਅੰਤੁ ਨ ਪਾਰੋ ॥੧॥ | Ever meditate thou on that Lord God, who has no end or limit. | ਤੂੰ ਸਦੀਵ ਹੀ ਉਸ ਸੁਆਮੀ ਵਾਹਿਗੁਰੂ ਦਾ ਅਰਾਧਨ ਕਰ, ਜਿਸ ਦਾ ਕੋਈ ਅਖੀਰ ਜਾਂ ਹੱਦ-ਬੰਨਾ ਨਹੀਂ। |
| ਪੂਤਾ ਮਾਤਾ ਕੀ ਆਸੀਸ ॥ | O son, this is thy mother's blessing. | ਹੇ ਪੁਤ੍ਰ ਇਹ ਤੇਰੀ ਅੰਮੜੀ ਦੀ ਅਸ਼ੀਰਵਾਦ ਹੈ। |
| ਨਿਮਖ ਨ ਬਿਸਰਉ ਤੁਮਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥ | Mayest thou forget not Lord God, even for a moment and ever remember the Lord of Universe. Pause. | ਇਕ ਮੁਹਤ ਲਈ ਭੀ ਤੈਨੂੰ ਵਾਹਿਗੁਰੂ ਸੁਆਮੀ ਨਾ ਭੁੱਲੇ ਅਤੇ ਤੂੰ ਹਮੇਸ਼ਾ ਹੀ ਸ੍ਰਿਸ਼ਟੀ ਦੇ ਸੁਆਮੀ ਦਾ ਸਿਮਰਨ ਕਰਦਾ ਰਹੇਂ। ਠਹਿਰਾਉ। |
| ਸਤਿਗੁਰੁ ਤੁਮਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥ | May the True Guru, be kind unto thee and mayest thou imbibe love for the saints' society. | ਸਚੇ ਗੁਰੂ ਜੀ ਤੇਰੇ ਤੇ ਮਿਹਰਬਾਨ ਹੋਣ ਅਤੇ ਸਾਧ ਸੰਗਤ ਨਾਲ ਤੇਰਾ ਪਿਆਰ ਪੈ ਜਾਵੇ। |
| ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨ ਨੀਤਿ ॥੨॥ | May the preservation of the honour by the Lord be thy raiment and singing of His praises thy daily food. | ਪ੍ਰਭੂ ਦਾ ਤੇਰੀ ਇਜ਼ਤ ਆਬਰੂ ਬਚਾਉਣਾ ਤੇਰੀ ਪੁਸ਼ਾਕ ਹੋਵੇ ਅਤੇ ਉਸ ਦਾ ਜੱਸ ਗਾਇਨ ਕਰਨਾ ਤੇਰੀ ਹਰ ਰੋਜ਼ ਦੀ ਖ਼ੁਰਾਕ। |
| ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ | Ever quaff the Nectar of God's Name. Mayest thou live long and may the meditation of God afford thee endless delight. | ਸਦੀਵ ਹੀ ਰੱਬ ਦੇ ਨਾਮ ਦਾ ਸੁਧਾਰਸ ਪਾਨ ਕਰਦਾ ਰਹੁ। ਰਬ ਕਰੇ ਤੂੰ ਦੇਰ ਤਾਈਂ ਜਿਉਂਦਾ ਰਹੇਂ ਅਤੇ ਵਾਹਿਗੁਰੂ ਦਾ ਸਿਮਰਨ ਤੈਨੂੰ ਬੇਅੰਤ ਖ਼ੁਸ਼ੀ ਪਰਦਾਨ ਕਰੇ। |
| ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥ | May joy and playful pleasures be thine; May thine hopes be realised and may thou never be worn by care. | ਤੈਨੂੰ ਖ਼ੁਸ਼ੀ ਤੇ ਖ਼ੁਸ਼ੀ ਭਰੀਆਂ ਖੇਡਾਂ ਪਰਾਪਤ ਹੋਣ, ਤੇਰੀਆਂ ਉਮੈਦਾਂ ਬਰ ਆਉਣ ਅਤੇ ਤੈਨੂੰ ਕਦਾਚਿਤ ਫ਼ਿਕਰ ਨਾ ਹੋਵੇ। |
| ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥ | Let this mind of thine become the bumble-bee and God's Feet be the lotus flower. | ਤੇਰਾ ਇਹ ਮਨੂਆ ਭਉਰਾ ਹੋਵੇ ਅਤੇ ਵਾਹਿਗੁਰੂ ਦੇ ਪੈਰ ਕਮਲ ਫੁੱਲ ਹੋਣ। |
| ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥ | Says slave Nanak, attach thy mind to them and happily bloom, like the pied-cuckoo on finding the rain-drop. | ਗੋਲਾ ਨਾਨਕ ਆਖਦਾ ਹੈ, ਆਪਣੇ ਮਨ ਨੂੰ ਉਨ੍ਹਾਂ ਨਾਲ ਜੋੜ ਅਤੇ ਪਪੀਹੇ ਦੇ ਮੀਹ ਦੀ ਕਣੀ ਪਰਾਪਤ ਕਰਨ ਦੀ ਮਾਨੰਦ ਖ਼ੁਸ਼ੀ ਨਾਲ ਖਿੜ। |

ਜੇ ਤੁਹਾਨੂੰ **ਅੰਮ੍ਰਿਤ ਕੀਰਤਨ** ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ,
ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।

## ਸੁਰ ਲਿਪੀ

### ਭਾ: ਰਣਜੀਤ ਸਿੰਘ ਕਲੌਂੜ

**ਰਾਗ ਗੂਜਰੀ**

ਜਾਤੀ : ਛਾਡਵ-ਛਾਡਵ ਵਰਜਿਤ : ਪੰਜਮ ਥਾਟ : ਤੋੜੀ ਵਾਦੀ : ਧੁ ਸੰਵਾਦੀ : ਰੁ

ਆਰੋਹ : ਸ ਰੁ ਗੁ ਮੇ ਧੁ ਨ ਸੰ ਅਵਰੋਹ : ਸੰ ਨ ਧੁ ਮੇ ਗੁ ਰੁ, ਗੁ ਰੁ ਸ

ਮੁੱਖ ਅੰਗ : ਸਧੁ, ਮੇਧੁ, ਧੁਨਸੰ, ਨ ਧੁ ਮੇ ਗੁ ਰੁ, ਗੁ ਰੁ ਸ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ***ਸਥਾਈ*** | | | | | | | | | | | | | |
| | | | | | ਮੇ | ਧੁ | ਮੇਧੁ | ਮੇਧੁ | ਮੇਗੁ | ਰੁ | ਰੁ | ਗੁ | ਰੁ |
| | | | | | ਪੂ | ਤਾ | ਮਾS | SS | ਤਾS | ਕੀ | S | ਆ | S |
| ਸ | ਸ | ਸ | ਸ | ਸ | ਸ | ਸ | ਧ਼ | ਧ਼ | ਧ਼ | ਨ਼ | ਨ਼ | ਨ਼ | ਸ |
| ਸੀS | S | S | ਸ | S | S | S | ਨਿਮ | ਖ | ਨ | ਬਿ | ਸ | ਰ | ਉ |
| ਸ | ਸ | ਗੁ | ਰੁ | ਰੁ | ਸ | ਸ | ਸ | ਰੁ | ਗੁ | ਮੇ | ਧੁ | ਧੁ | ਧੁ |
| ਤੁ | ਮ | ਕਓ | ਹ | ਰਿ | ਹ | ਰਿ | ਸ | ਦਾ | ਭ | ਜ | ਉ | ਜ | ਗ |
| ਧੁਮੇ | ਗੁਧੁ | ਮੇਗੁ | ਰੁਗੁ | ਰੁਸ | | | | | | | | | |
| ਦੀ | S | S | ਸS | SS | | | | | | | | | |
| ***ਅੰਤਰਾ*** | | | | | | | | | | | | | |
| | | | | | | | ਧੁ | ਧੁ | ਧੁ | ਧੁ | ਨ | ਧੁਮੇ | ਧੁ |
| | | | | | | | ਜਿਸ | ਸਿ | ਮ | ਰ | ਤ | ਸS | ਭ |
| ਸੰ | ਸੰ | ਸੰ | ਨ | ਰੁੰ | ਸੰ | ਸੰ | ਸੰ | ਗੁੰ | ਰੁੰ | ਸੰ | ਨ | ਧੁ | ਧੁ |
| ਕਿਲ | ਵਿ | ਖ | ਨਾ | S | ਸ | ਹਿ | ਪਿਤ | ਰੀ | S | ਹੋ | ਇ | ਉ | S |
| ਧੁਮੇ | ਗੁਧੁ | ਮੇਗੁ | ਰੁਗੁ | ਰੁਸ | | | | | | | | | |
| ਧਾS | SS | SS | ਰੋS | SS | | | | | | | | | |


## ਤਿੰਨ ਅਨਮੋਲ ਪੁਸਤਕਾਂ

● ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ) ● ਗੁਰਮਤਿ ਸੰਗੀਤ ਵਿਸ਼ੇਸ਼ ਅੰਕ ● ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ – ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ*

## PURISONS

*DISTRIBUTORS READYMADES*

Shop No. 51, Sector 38, Chandigarh - 160 036 Ph : (O) 695725

## PURI ENTERPRISES

*Automobile Tyres & Tubes Computerised Wheel Balancing & Alignment*

S.C.O. 151, Sector 24-D,
Chandigarh - 160 023
S.C.O. 213, Sector 24-D,
Chandigarh - 160 023

Telephones
Office : 715031
Resi : 601136, 601799

# ਗੁਰਮੁਖ ਢੂੰਡ ਢੂੰਡੇਦਿਆਂ

**( Free Matrimonial Service )**

**WANTED** well settled Gursikh match from Arora/Khatri family, preferably Jalandhar/ Ludhiana, for Arora Sikh Girl (24, 155cms.), slim Graduate and Diploma in Computer. ***Box : 0075***

**SUITABLE** non-trimmer, non-drinker match for Arora Sikh Girl (24, 5'-1.3/4"), slim, BA, Diploma in Architectural Assistanceship (3 years), Computer Course - one year 'O' Level, doing MA (Part I) and Kirtan knowing. Parents are Govt. pensioners. Forefathers migrated from Sargodha/Lyallpur. Preferred Jalandhar and Ludhiana. ***Box : 0076***

**SUITABLE** match for Khatri Girl (38, 5'-2"), BA, BEd., beautiful, fair, slim and well mannered. Employed as permanent teacher in Govt. School. Father retired Defence Officer and brothers well employed. ***Box : 0077***

**SUITABLE** match for Arora Boy (DOB-30.9.68, 5'-11"), very fair, BE (Electrical) & MBA, having his own well established Business. Father SE/Punjab Govt. ***Box : 0078***

**SUITABLE** non-trimmer, teetotaller, religious match for Convent educated, Postgraduate, Engineer Khatri Girl (25, 5'-6") of sophisticated cultured family. Employed as System Analyst in Software Co. ***Box : 0079***

**SUITABLE** Gursikh match upto 50 years for 50+/ 5'-4" healthy, financially secure, broadminded, educated, adjustable, status issueless, widower, issue if any acceptable. ***Box : 0080***

**SUITABLE** Gursikh match (Amritdhari not necessary) from Arora/Khatri family belonging to Punjab, preferably Jalandhar and around, well settled in service, good business, for Arora Sikh Girl (DOB- 9.12.74, 155 cms.), Graduate, slim, fair having sharp features. Appeared in Computer Diploma 'O' Level, Delhi University, studying MA. The only daughter of her parents, both Govt. retired/pensioners. ***Box : 0081***

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"), MCom, MFC, DISM, one year Computer Course. ***Box : 0083***

**SUITABLE** match for Chopra Girl (DOB-18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"),Pb. Govt. service, Diplomas- Electronics, 'O' level Computer, Library Science. Family from Jhelum (West Pakistan) now settled at Mohali. Father in Govt. service. Brothers Engineers. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**SUITABLE** match for Khatri Bassali, tall, smart and fair complexion Gursikh Graduate Boy (DOB 20.6.1964/Rangoon, 178 cm.). Running own business well established. Legally divorced with no liability. Father expired at Burma. Mother pious/religious lady. The only sister married and well settled in California U.S.A. ***Box : 0088***

**AMRITDHARI** Gursikh Widower (43, 5'-6"), excellent health, teetotaller, vegetarion.Two encumberances. Top most business, Three star Hotel, Petroleum dealer, Tank transporters. Seeks beautiful life partner, widow / unmarried can apply with photo. ***Box : 0089***

**Contact : Sardar Harbhajan Singh #1246, Sector : 22 B, Chandigarh**

Regd. No. Chandigarh Div./42/99 RNI Regd. No. 46788/89 ISSN-002045


# congratulations Gripwell



**ISO 9002**

UL REGISTERED FIRM

The world-wide network of dealers and distributors send forth their HEARTIEST FELICITATIONS to Gripwell Forgings & Tools, Jalandhar, India, on receiving ISO-9002 CERTIFICATION from Union Laboratories, USA.

**TOOLS FOR HOME AND INDUSTRY – WORLD WIDE**

"Associate yourself with men of good quality if you esteem your own reputation; for it is better to be alone than in bad company."

Rules of Civility
George Washington
1733-1799

**GRIPWELL**

**Established 1948**

**GRIPWELL FORGINGS & TOOLS**

E-36, Industrial Area, Jalandhar-144 004 (INDIA)

Tel : ++91 - 181 - 290861, 290353, 290737

Telefax : ++91 - 181 - 290048, 298906

Website : www.gripwell-com

E-mail : gripwell@dot3.vsnl.net.in

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

1699-1999
KHALSA
Tricentenary
BANK OF PUNJAB

Recognize All Humankind as One

# Celebrating banking relationships *built to last.*

- LONGER BUSINESS HOURS
- BOP MULTIPLIER
- ATM (24 hours cash deposit & withdrawal facility)
- SWIFT (Instant international funds transfer)
- LOCKERS
- BOP FIXED DEPOST

50 BANKING OFFICES ACROSS INDIA
5th Best Bank among 97 in the Country*
OVER 2,50,000 SATISFIED CUSTOMERS

- BOP COMFOT Recurring Deposit
- BEST BARGAIN AUTO LOANS
- FAX BANKING/TELE BANKING
- CASH MANAGEMENT SERVICES (Quick clearance of outstaion cheques)
- REMOTE CUSTOMER TERMINAL
- BOP SAVINGS

* Source Business India Januray 11 to 24, 1999

## BANK OF PUNJAB LTD.

*We Value Relationships*

Visit us at : http//www.bankofpunjab.com